
FARM AND SPICE
Open 7 Days a Week
8.30 am to 9.00 pm
SPECIAL OFFERS: 29 DEC 4 JAN
Daily Specials on
2024
HAPPY NEW YEAR
ਧਨੀਆ
Cilantro
69¢ each
ਆਵੋਕਾਡੋ
Avocado
99¢ each
ਹਰੇ ਪਿਆਜ਼
Green Onion
69¢ each
ਸ਼ਿਮਲਾ ਮਿਰਚ
Green Pepper
$1.99 /lb
ਪਾਲਕ
Spinach
$1.49 /each
ਬ੍ਰੋਕਲੀ
Brocolli
$1.99 /lb
ਲਾਲ ਬੀ ਸੀ ਸੇਬ
Red Delicious BC Apple
99¢ /lb
ਗਾਲਾ ਬੀ ਸੀ ਸੇਬ
Gala BC Apple
99¢ /lb
ਸਰੋਂ ਦਾ ਤੇਲ
Gagan
Mustard Oil
250ml $1.49 each
1ltr $4.99 each
ਜੰਬੋ ਬੈਂਗਣ
Eggplant
Jumbo
$1.99 each
ਸਰੋਂ ਦਾ ਸਾਗ
Sohna
Saron Da Saag
850g $3.99 each
ਮੈਂਗੋ ਜੂਸ
ITN
Mango Juice
1.5Ltr $2.99 each
ਅਖਰੋਟ
Walnuts
Bulk
$4.49 /lb
ਅਨਾਰ
Pomegranate
$2.99 each
ਮੇਰੀ ਚਾਹ
Meri Chai
Tea Bags
216Bags $5.49 each
ਐਸੋਟਿਡ ਰੱਸ
Aap Ki Pasand
Assorted Rusk
600g $3.99 each
AMA Products at
lowest Price
Disposable 7' Spoons
20pcs $1.29 each
7' Round Plates
40pcs $3.99 each
9 oz paper cups
50pcs $3.99 each
6 Compartment cornstarch trays
40pcs $9.99 each
ਪਾਰਲੀਮੈਂਟ ਚਾਵਲ
Parliament
Basmati Rice
8 lb $7.99 each
ਹੀਰ ਖੰਡ
Heer Sugar
White/Brown
8 lb $7.99 each
ਆਈ ਟੀ ਐਨ ਚਾਵਲ
ITN Basmati
Super Long Rice
8 lb $9.99 each
ਕ੍ਰਾਊਨ ਤੇਲ
Crown
Sunflower Oil
3 ltr $12.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last


ਸਾਰਿਆਂ ਨੂੰ
ਨਵਾਂ ਸਾਲ
ਮੁਬਾਰਕ
2024
Happy New Year
CANRISE
IMMIGRATION
IMMIGRATION CONSULTANT
CANRISE IMMIGRATION
SERVICING CLIENTS SINCE 2011
• WORK PERMIT
• BCPNP • LMIA
• SUPER VISA
• FAMILY SPPONSORSHIP
• CITIZENSHIP APPLICATION
• VISITOR VISA
• EXPRESS ENTRY / NANNY
CANRISE IMMIGRATION
iccrc crcic
778-565-1717
WWW.CANRISEIMMIGRATION.COM
8028-128 St. # 223 ,Surrey BC
LITTLE INDIA PLAZA
RANJEET SINGH SOHI

# SHADEED BHAI MEWA SINGH
## FIRE SAFETY SEARCH RESCUE SOCIETY



ਆਪ ਜੀ ਦੀ ਸੇਵਾ ਵਿੱਚ ਸਮਿਨਰ ਬੇਨਤੀ ਹੈ ਕਿ
ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਪਹਿਚਾਨ ਨੂੰ
ਕਨੇਡੀਅਨ ਸੁਸਾਇਟੀ ਵਿੱਚ ਅਮਰ ਕਰਨ ਲਈ
ਇੱਕ ਫਾਇਰ ਟਰੱਕ ਖਰੀਦਿਆ ਜਾਣਾ ਹੈ, ਇਸ ਲਈ
ਆਪ ਜੀ ਇਸ ਸੇਵਾ ਵਿੱਚ ਵੱਧ ਤੋਂ ਵੱਧ ਆਪਣੀ
ਮਾਇਆ ਸਫਲ ਕਰਕੇ ਸ਼ਹੀਦ ਭਾਈ ਮੇਵਾ ਸਿੰਘ ਜੀ
ਦੀ ਪਹਿਚਾਨ ਨੂੰ ਕਨੇਡਾ ਦੇ ਆਮ ਵਸਨੀਕਾਂ ਤੱਕ
ਪਹੁੰਚਾਣ ਦਾ ਹਿੱਸਾ ਬਣੋ ਜੀ।

**We have to buy A Fire Truck for Shaheed Bhai Mewa Singh Fire Safety Search Rescue Society. So please donate as much as possible !**

+1 604 712 9879(SUKHI)

## ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ

ਸਵ. ਭਾਈ ਭਰਪੂਰ ਸਿੰਘ ਸੇਖੋਂ ਦੇ ਸਪੁੱਤਰ ਭਾਈ ਤੇਜਵਿੰਦਰ ਸਿੰਘ ਜੀ ਸੇਖੋਂ ਦੇ ਪਰਿਵਾਰ ਵਲੋਂ
ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊ ਵੈਸਟਮਿਨਸਟਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ।

### ਪ੍ਰੋਗਰਾਮਾਂ ਦਾ ਵੇਰਵਾ

- ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ : 12 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9.00 ਵਜੇ
- ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ : 14 ਜਨਵਰੀ ਦਿਨ ਐਤਵਾਰ ਸਵੇਰੇ 9.00 ਵਜੇ

ਉਪਰੰਤ ਦੁਪਹਿਰ 12.30 ਵਜੇ ਤੱਕ ਦੀਵਾਨ ਸਜਨਗੇ।
ਆਪ ਜੀ ਨੇ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

from late Bhai Bharpur Singh ji Sekhon, Bhai Tejvinder Singh Sekhon family

**In the Yearly Sweet Memory of Shaheed Bhai Mewa Singh ji**

- Commencement of Siri Akhand Path Sahib : 12 Jan. 2024 (Fri) at 9.00 a.m.
- Conclusion of Siri Akhand Path Sahib : 14th Jan. 2024 (Sun) at 9.00 a.m.

Program will be performed upto 12.30 a.m.
at Gurdwara Sahib Sukh Sagar, 347 wood street, New Westminster BC V3M 5K6

**From Sekhon Noteries : 604 503 1313, 604 503 5013**


DAY TO DAY
WHOLESALE CASH & CARRY
www.daytodaywholesale.ca
daytodaycashandcarry
Always Fresh. Always Great Prices
Happy New Year
2024
#104 7843 128 Street Surrey
PH:604.503.8787
31877 South Fraser way Unit 103 Abbotsford, BC
7843 128 Street, Surrey
1196 182 Ave Delta.
6339 200 St #500, Langley, BC V2Y 1A2
7337 120 St #100, Delta, BC V4C 1C7
1196 1 6169 Fraser Street, Vancouver82 Ave Delta.
Unit 7/ 50 Burnside Rd W, Victoria, BC V9A 1B5 victoria

# ਕਸ਼ਮੀਰ ਦੀ ਸਥਿਤੀ ਬਾਰੇ ਕਸ਼ਮੀਰੀ ਮੀਡੀਏ ਦੀ ਰਿਪੋਰਟ




ਸ੍ਰੀਨਗਰ: ਭਾਰਤ 27 ਅਕਤੂਬਰ 1947 ਤੋਂ ਜੰਮੂ-ਕਸ਼ਮੀਰ ਨੂੰ ਆਪਣੀ ਬਸਤੀ ਮੰਨ ਰਿਹਾ ਹੈ, ਜਦੋਂ ਉਸ ਨੇ ਕਸ਼ਮੀਰੀ ਲੋਕਾਂ ਦੀ ਇੱਛਾ ਦੇ ਵਿਰੁੱਧ ਆਪਣੀ ਫੌਜ ਨੂੰ ਸ਼੍ਰੀਨਗਰ ਵਿੱਚ ਉਤਾਰਿਆ ਅਤੇ ਖੇਤਰ ਉੱਤੇ ਕਬਜ਼ਾ ਕਰ ਲਿਆ। ਕਸ਼ਮੀਰੀ ਮੀਡੀਆ ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੌਜੀ ਨੀਤੀਆਂ ਦੁਆਰਾ ਕਸ਼ਮੀਰ ਦਾ ਬਸਤੀਕਰਨ ਹਿੰਦੂਤਵੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਲੰਬੇ ਸਮੇਂ ਤੋਂ ਸੁਪਨਾ ਰਿਹਾ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਕਸ਼ਮੀਰੀ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੋਂ ਭਾਰਤ ਦੇ ਰਾਜਕੀ ਅੱਤਵਾਦ ਦੇ ਸ਼ਿਕਾਰ ਹਨ ਕਿਉਂਕਿ ਭਾਰਤ ਕਸ਼ਮੀਰੀਆਂ ਨੂੰ ਸਜ਼ਾ ਦੇਣ ਲਈ ਸਰਕਾਰੀ ਨੀਤੀ ਦੇ ਮਾਮਲੇ ਵਜੋਂ ਰਾਜਕੀ ਅੱਤਵਾਦ ਦੀ ਵਰਤੋਂ ਕਰ ਰਿਹਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮੋਦੀ ਸ਼ਾਸਨ ਕਸ਼ਮੀਰੀਆਂ ਦੀ ਆਜ਼ਾਦੀ ਦੀਆਂ ਭਾਵਨਾਵਾਂ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਜ਼ੁਲਮ ਦੀ ਵਰਤੋਂ ਕਰ ਰਿਹਾ ਹੈ, ਅਤੇ ਕਿਹਾ ਕਿ ਭਾਰਤ ਵਿਚ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਕਸ਼ਮੀਰ ਵਿੱਚ ਅੱਤਵਾਦ ਦੀ ਨਵੀਂ ਲਹਿਰ ਚੱਲ ਪਈ ਹੈ।

ਰਿਪੋਰਟ ਵਿੱਚ ਕਿਹਾ ਕਿ ਅਫਸੋਸ ਹੈ ਕਿ ਭਾਰਤ ਦੀ ਹਿੰਦੂਤਵ ਸਰਕਾਰ ਨੇ ਚ 05 ਅਗਸਤ, 2019 ਤੋਂ ਆਪਣੇ ਰਾਜਕੀ ਅੱਤਵਾਦ ਨੂੰ ਤੇਜ਼ ਕਰ ਦਿੱਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਨਵੀਂ ਦਿੱਲੀ ਕਈ ਕਸ਼ਮੀਰ ਵਿਰੋਧੀ ਅਤੇ ਗੈਰ-ਕਾਨੂੰਨੀ ਬੇਰਹਿਮ ਕਾਨੂੰਨ ਲਾਗੂ ਕਰਨ ਤੋਂ ਬਾਅਦ ਯੋਜਨਾਬੱਧ ਤਰੀਕੇ ਨਾਲ ਕਸ਼ਮੀਰ ਹੀ ਨਹੀ ਪੂਰੇ ਭਾਰਤ ਵਿੱਚ ਬਸਤੀਵਾਦ ਲਈ ਰਾਹ ਪੱਧਰਾ ਕਰ ਰਹੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੋਣ ਸੀਮਾਵਾਂ ਨੂੰ ਮੁੜ ਖਿੱਚ ਕੇ, ਭਾਜਪਾ ਸਰਕਾਰ ਧਾਰਾ 370 ਅਤੇ 35ਏ ਨੂੰ ਖਤਮ ਕਰਨ ਤੋਂ ਬਾਅਦ ਕਸ਼ਮੀਰ ਵਿੱਚ ਹਿੰਦੂਤਵ ਦੀ ਖਤਰਨਾਕ ਖੇਡ ਯੋਜਨਾ ਨੂੰ ਅੱਗੇ ਵਧਾ ਰਹੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਸ਼ਾਸਨ ਇਜ਼ਰਾਈਲ ਦੇ ਫਲਸਤੀਨ ਦੀ ਜ਼ਮੀਨ 'ਤੇ ਕਬਜ਼ੇ ਦੀ ਤਰਜ਼ 'ਤੇ ਜੰਮੂ-ਕਸ਼ਮੀਰ ਵਿੱਚ ਬਸਤੀਵਾਦੀ ਬਸਤੀਆਂ ਬਣਾ ਰਿਹਾ ਹੈ ਅਤੇ ਇਸ ਨੇ ਭਾਰਤੀ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਕੇ ਕਸ਼ਮੀਰ ਨੂੰ ਬਸਤੀਵਾਦੀ ਬਣਾਉਣ ਦੀ ਰੁਕਾਵਟ ਨੂੰ ਦੂਰ ਕਰ ਦਿੱਤਾ ਹੈ, ਜਿਸ ਨੇ ਾ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੱਤਾ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਗੈਰ-ਕਾਨੂੰਨੀ ਤੌਰ 'ਤੇ ਕਾਨੂੰਨਾਂ ਨੂੰ ਬਦਲਿਆ ਅਤੇ ਗੈਰ-ਕਸ਼ਮੀਰੀ ਲੋਕਾਂ ਨੂੰ ਰਾਜ ਦੇ ਵਿਸ਼ਿਆਂ, ਜ਼ਮੀਨਾਂ ਅਤੇ ਬੰਦੋਬਸਤ ਵਿਚ ਦਾਖਲਾ ਦਿੱਤਾ, ਜਿਸ ਨਾਲ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਉਲੰਘਣਾ ਕਰਕੇ ਕਸ਼ਮੀਰ ਦੀ ਜਨਸੰਖਿਆ ਨੂੰ ਨੁਕਸਾਨ ਪਹੁੰਚਿਆ। ਜੰਮੂ-ਕਸ਼ਮੀਰ, ਜੋ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਅਤੇ ਵਿਸ਼ਵ ਭਾਈਚਾਰੇ ਦੁਆਰਾ ਮਾਨਤਾ ਪ੍ਰਾਪਤ ਵਿਵਾਦਤ ਖੇਤਰ ਹੈ, ਭਾਰਤ ਅੰਤਰਰਾਸ਼ਟਰੀ ਕਾਨੂੰਨ ਦੀ ਖੁੱਲ੍ਹ ਕੇ ਉਲੰਘਣਾ ਕਰ ਰਿਹਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੇ ਆਪਣੇ 10 ਲੱਖ ਤੋਂ ਵੱਧ ਫੌਜੀ ਅਤੇ ਅਰਧ ਸੈਨਿਕ ਬਲਾਂ ਦੀ ਵਰਤੋਂ ਕਰਕੇ ਵਿਵਾਦਿਤ ਖੇਤਰ ਨੂੰ ਪੱਥਰ ਯੁੱਗ ਦੀ ਬਸਤੀ ਵਿੱਚ ਤਬਦੀਲ ਕਰ ਦਿੱਤਾ ਹੈ ਜਦੋਂ ਲੋਕਾਂ ਦੇ ਮੌਲਿਕ ਅਧਿਕਾਰਾਂ ਖੋਹ ਕੇ ਗੁਲਾਮ ਸਮਝਿਆ ਜਾਂਦਾ ਸੀ।

ਭਾਰਤੀ ਅਧਿਕਾਰੀ ਕਸ਼ਮੀਰੀਆਂ ਦੀ ਮਲਕੀਅਤ ਵਾਲੀਆਂ ਜਾਇਦਾਦਾਂ ਨੂੰ ਸੀਲ ਕਰ ਰਹੇ ਹਨ। ਅੰਤਰਰਾਸ਼ਟਰੀ ਭਾਈਚਾਰੇ, ਖਾਸ ਤੌਰ 'ਤੇ ਸੰਯੁਕਤ ਰਾਸ਼ਟਰ, ਇਸਲਾਮਿਕ ਸਹਿਯੋਗ ਸੰਗਠਨ, ਯੂਰਪੀਅਨ ਯੂਨੀਅਨ ਅਤੇ ਵਿਸ਼ਵ ਦੀਆਂ ਵੱਡੀਆਂ ਸ਼ਕਤੀਆਂ ਨੂੰ ਕਸ਼ਮੀਰ 'ਤੇ ਰਸਲ ਟ੍ਰਿਬਿਊਨਲ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਭਾਰਤ ਨੂੰ ਕਸ਼ਮੀਰ ਵਿੱਚ ਘੋਰ ਅਨਿਆਂ ਲਈ ਜਵਾਬਦੇਹ ਹੋਣਾ ਚਾਹੀਦਾ ਹੈ। ਦੱਖਣੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਦਾ ਇੱਕੋ ਇੱਕ ਰਸਤਾ ਕਸ਼ਮੀਰ ਦੇ ਲੋਕਾਂ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸੰਬੰਧਤ ਮਤਿਆਂ ਵਿੱਚ ਦਰਜ ਸਵੈ-ਨਿਰਣੇ ਦਾ ਅਟੁੱਟ ਅਧਿਕਾਰ ਦੇਣਾ ਹੈ।

## ਗੁਰਪਤਵੰਤ ਸਿੰਘ ਪੰਨੂ ਨੇ ਕਸ਼ਮੀਰੀ ਸਮੱਸਿਆ ਦਾ ਹੱਲ ਰਾਇ ਸ਼ੁਮਾਰੀ ਦੱਸਿਆ



ਵਾਸ਼ਿੰਗਟਨ: ਇੱਕ ਮਹੱਤਵਪੂਰਨ ਘਟਨਾਕ੍ਰਮ ਵਿੱਚ, ਖਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਜੰਮੂ-ਕਸ਼ਮੀਰ ਨੂੰ ਇੱਕ "ਵਿਵਾਦਤ" ਇਲਾਕਾ ਦੱਸਦਿਆਂ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਵਿਵਾਦ ਨੂੰ ਸ਼ਾਂਤੀਪੂਰਨ ਢੰਗ ਨਾਲ ਸੁਲਝਾਉਣ ਲਈ ਰਾਏਸ਼ੁਮਾਰੀ ਹੀ ਇੱਕੋ ਇੱਕ ਰਸਤਾ ਹੈ। ਗੁਰਪਤਵੰਤ ਸਿੰਘ ਪੰਨੂ, ਜੋ ਅਮਰੀਕਾ ਵਿੱਚ ਹੈ, ਨੇ ਇੱਕ ਵੀਡੀਓ ਬਿਆਨ ਵਿੱਚ ਪੁੰਛ ਅਤੇ ਰਾਜੌਰੀ ਜ਼ਿਲ੍ਹਿਆਂ ਵਿੱਚ ਹਾਲ ਹੀ ਦੀਆਂ ਘਟਨਾਵਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਇਹ "ਕਸ਼ਮੀਰੀਆਂ ਵਿਰੁੱਧ ਭਾਰਤ ਦੀ ਹਿੰਸਾ ਦਾ ਨਤੀਜਾ" ਹਨ। ਉਨ੍ਹਾਂ ਕਿਹਾ, "ਮੈਂ ਕਸ਼ਮੀਰੀ ਆਜ਼ਾਦੀ ਘੁਲਾਟੀਆਂ ਨੂੰ ਕਸ਼ਮੀਰ ਰਾਏਸ਼ੁਮਾਰੀ ਦਾ ਆਯੋਜਨ ਕਰਨ ਅਤੇ ਕਰਵਾਉਣ ਦੀ ਅਪੀਲ ਕਰਦਾ ਹਾਂ, ਜਿਵੇਂ ਕਿ 'ਸਿੱਖਸ ਫਾਰ ਜਸਟਿਸ' (ਐਸਐਫਜੇ) ਭਾਰਤ ਨਾਲ ਪੰਜਾਬ ਦੇ ਸਬੰਧ ਨੂੰ ਚੁਣੌਤੀ ਦੇਣ ਲਈ ਖਾਲਿਸਤਾਨ ਰਾਏਸ਼ੁਮਾਰੀ ਕਰਵਾ ਰਹੀ ਹੈ। ਇੱਥੇ ਵਰਣਨਯੋਗ ਹੈ ਕਿ ਹਿੰਦੂਤਵ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਅਮਰੀਕਾ ਵਿਚ ਉਸ 'ਤੇ ਹੱਤਿਆ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ।

## ਯੇਚੁਰੀ ਨੇ ਰਾਮ ਮੰਦਰ ਦੇ ਉਦਘਾਟਨੀ ਸਮਾਰੋਹ ਦਾ ਸੱਦਾ ਠੁਕਰਾਇਆ



ਨਵੀਂ ਦਿੱਲੀ-ਸੀਪੀਐਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਅਯੁੱਧਿਆ ਵਿਚ ਹੋਣ ਵਾਲੇ ਰਾਮ ਮੰਦਰ ਦੇ ਉਦਘਾਟਨੀ ਸਮਾਰੋਹ ਲਈ ਮਿਲਿਆ ਸੱਦਾ ਠੁਕਰਾ ਦਿੱਤਾ ਹੈ। ਪਾਰਟੀ ਨੇ ਇਸ 'ਤੇ ਕਿਹਾ, 'ਧਰਮ ਕਿਸੇ ਵਿਅਕਤੀ ਦੀ ਨਿੱਜੀ ਚੋਣ ਹੈ। ਸਾਡੀ ਨੀਤੀ ਧਾਰਮਿਕ ਵਿਸ਼ਵਾਸਾਂ ਦਾ ਸਤਿਕਾਰ ਕਰਨ ਦੀ ਹੈ, ਤੇ ਹਰ ਵਿਅਕਤੀ ਨੂੰ ਆਪਣੇ ਵਿਸ਼ਵਾਸ ਮੁਤਾਬਕ ਚੱਲਣ ਦਾ ਹੱਕ ਹੈ। ਧਰਮ ਕਿਸੇ ਦੀ ਨਿੱਜੀ ਚੋਣ ਹੈ ਤੇ ਇਸ ਨੂੰ ਸਿਆਸੀ ਲਾਹੇ ਵਿਚ ਤਬਦੀਲ ਨਹੀਂ ਕਰਨਾ ਚਾਹੀਦਾ। ਕਾਮਰੇਡ ਸੀਤਾਰਾਮ ਯੇਚੁਰੀ ਸੱਦਾ ਮਿਲਣ ਦੇ ਬਾਵਜੂਦ ਸਮਾਰੋਹ ਵਿਚ ਨਹੀਂ ਜਾਣਗੇ।









# ਅਕਾਲ ਤਖ਼ਤ ਨੇ ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਕਾਉਂਕੇ ਮਾਮਲੇ 'ਚ ਕਤਲ ਦਾ ਕੇਸ ਦਰਜ ਕਰਾਉਣ ਦਾ ਹੁਕਮ ਦਿੱਤਾ

ਅੰਮ੍ਰਿਤਸਰ (ਨਿਰਮਲ ਸਿੰਘ ਚੌਹਾਨ)-ਅਕਾਲ ਤਖ਼ਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਜਾਂ ਲਾਪਤਾ ਹੋਣ ਦੀ ਪੁਲੀਸ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਅੱਜ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਰਿਪੋਰਟ ਭੇਜ ਕੇ ਇਸ ਦੀ ਕਾਨੂੰਨੀ ਪੱਖਾਂ ਤੋਂ ਘੋਖ ਕਰਦਿਆਂ ਢੁਕਵੀਂ ਕਾਰਵਾਈ ਕਰਨ ਅਤੇ ਕਾਤਲਾਂ ਵਿਰੁੱਧ ਕਤਲ ਦਾ ਮੁਕਦੱਮਾ ਦਰਜ ਕਰਵਾਉਣ ਲਈ ਆਦੇਸ਼ ਦਿੱਤੇ ਹਨ। ਬੀਤੇ ਦਿਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਐਡਵੋਕੇਟ ਸਰਬਜੀਤ ਸਿੰਘ ਵੱਲੋਂ ਇਸ ਮਾਮਲੇ ਦੀ ਰਿਪੋਰਟ ਅਕਾਲ ਤਖ਼ਤ ਵਿਖੇ ਸੌਂਪੀ ਗਈ ਸੀ। ਇਹ ਜਾਂਚ ਰਿਪੋਰਟ 1998 ਵਿੱਚ ਪੰਜਾਬ ਪੁਲੀਸ ਦੇ ਉਸ ਵੇਲੇ ਦੇ ਵਧੀਕ ਡਾਇਰੈਕਟਰ ਜਨਰਲ ਬੀਪੀ ਤਿਵਾੜੀ ਵੱਲੋਂ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਤਿਆਰ ਕੀਤੀ ਗਈ ਸੀ ਅਤੇ ਸਰਕਾਰ ਨੂੰ ਸੌਂਪੀ ਗਈ ਸੀ ਪਰ ਇਹ ਰਿਪੋਰਟ 25 ਸਾਲ ਸਰਕਾਰ ਕੋਲ ਫਾਈਲਾਂ ਵਿੱਚ ਦਫਨ ਰਹੀ। ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਹੁਣ ਇਹ ਰਿਪੋਰਟ ਜਨਤਕ ਹੋਈ ਹੈ ਅਤੇ ਦਸੰਬਰ 1992 ਅਤੇ 93 ਵਿੱਚ ਪੁਲੀਸ ਵੱਲੋਂ ਕੀਤੀ ਕਾਰਵਾਈ ਦਾ ਖੁਲਾਸਾ ਹੋਇਆ। ਰਿਪੋਰਟ ਮੁਤਾਬਕ ਦਸੰਬਰ 1992 ਵਿੱਚ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਨ੍ਹਾਂ ਦੇ ਪਿੰਡ ਤੋਂ ਪੁਲੀਸ ਥਾਣੇ ਲੈ ਕੇ ਗਈ ਸੀ ਪਰ ਉਸ ਤੋਂ ਬਾਅਦ ਉਨ੍ਹਾਂ ਦਾ ਕੋਈ ਅਤਾ-ਪਤਾ ਨਹੀਂ ਹੈ।

ਪੁਲੀਸ ਰਿਪੋਰਟ ਵਿੱਚ ਅੱਜ ਵੀ ਭਾਈ ਕਾਉਂਕੇ ਫ਼ਰਾਰ ਹਨ। ਮਨੁੱਖੀ ਅਧਿਕਾਰ ਕਾਰਕੁਨ ਵੱਲੋਂ ਇਹ ਰਿਪੋਰਟ ਅਕਾਲ ਤਖਤ ਵਿਖੇ ਸੌਂਪਣ ਮਗਰੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਇਸ ਮਾਮਲੇ ਵਿੱਚ ਢੁਕਵੀ ਕਾਰਵਾਈ ਕਰਨ। ਮਨੁੱਖੀ ਅਧਿਕਾਰ ਕਾਰਕੁਨ ਨੇ ਇਸ ਨਾਲ ਜੋੜੀ ਆਪਣੀ ਰਿਪੋਰਟ ਵਿੱਚ ਸਪਸ਼ਟ ਕੀਤਾ ਸੀ ਕਿ ਭਾਈ ਕਾਉਂਕੇ ਨੂੰ ਪੁਲੀਸ ਤਸ਼ੱਦਦ ਦੌਰਾਨ ਕਤਲ ਕਰ ਦਿੱਤਾ ਗਿਆ ਸੀ ਅਤੇ ਲਾਸ਼ ਨੂੰ ਖੁਰਦ ਬੁਰਦ ਕਰ ਦਿੱਤਾ ਗਿਆ ਸੀ। ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਅੱਜ ਇਹ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਭੇਜੀ ਗਈ ਹੈ ਤੇ ਮਾਮਲੇ ਵਿੱਚ ਪੱਤਰ ਭੇਜ ਕੇ ਇਸ ਮਾਮਲੇ ਦੀ ਘੋਖ ਕਰਨ ਅਤੇ ਢੁਕਵੀਂ ਕਾਰਵਾਈ ਕਰਨ ਤੋਂ ਇਲਾਵਾ ਕਾਤਲਾਂ ਖਿਲਾਫ ਕੇਸ ਦਰਜ ਕਰਵਾਉਣ ਲਈ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਕਤਲ 90 ਵੇ ਦੇ ਦਹਾਕੇ ਦੌਰਾਨ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਪੁਲੀਸ ਦੇ ਉਸ ਵੇਲੇ ਦੇ ਮੁਖੀ ਕੇਪੀਐੱਸ ਗਿੱਲ ਰਾਹੀਂ ਹਜ਼ਾਰਾਂ ਸਿੱਖ ਨੌਜਵਾਨਾਂ ਦੀ ਕੀਤੀ ਗਈ ਨਸਲਕੁਸ਼ੀ ਦੀ ਬੇਹੱਦ ਘਿਨਾਉਣੀ ਮਿਸਾਲ ਹੈ, ਜੋ ਦੁਨੀਆਂ ਦੇ ਸਾਹਮਣੇ ਆਉਣੀ ਚਾਹੀਦੀ ਹੈ ਅਤੇ ਭਾਈ ਕਾਉਂਕੇ ਦੇ ਕਾਤਲਾਂ ਨੂੰ ਬੇਪਰਦਾ ਕਰਕੇ ਮਿਸਾਲੀ ਸਜ਼ਾਵਾਂ ਮਿਲਣੀਆਂ ਜ਼ਰੂਰੀ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


# ਸਿੱਖ ਗੁਰੂਆਂ ਨੇ ਭਾਰਤੀਆਂ ਨੂੰ ਮਾਣ ਨਾਲ ਜਿਉਣਾ ਸਿਖਾਇਆ:ਨਰਿੰਦਰ ਮੋਦੀ



ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਸਿੱਖ ਗੁਰੂਆਂ ਨੇ ਭਾਰਤੀਆਂ ਨੂੰ ਮਾਣ ਨਾਲ ਜਿਊਣਾ ਸਿਖਾਇਆ। ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ 'ਚ ਕਰਵਾਏ 'ਵੀਰ ਬਾਲ ਦਿਵਸ' ਪ੍ਰੋਗਰਾਮ 'ਚ ਮੋਦੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੇ ਬਲਿਦਾਨ ਨੂੰ ਨਾ ਸਿਰਫ ਭਾਰਤ 'ਚ ਬਲਕਿ ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਜਿਹੇ ਦੇਸ਼ਾਂ 'ਚ ਸਮਾਗਮਾਂ ਦੇ ਜ਼ਰੀਏ ਦੁਨੀਆ ਭਰ 'ਚ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਮੌਕੇ ਧਾਰਮਿਕ ਆਗੂਆਂ ਨੂੰ ਨਸ਼ੀਲੇ ਪਦਾਰਥਾਂ ਖ਼?ਲਾਫ਼ ਅੰਦੋਲਨ ਸ਼ੁਰੂ ਕਰਨ ਦੀ ਅਪੀਲ ਕੀਤੀ। ਵੀਰ ਬਾਲ ਦਿਵਸ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਸ਼ਹਾਦਤ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸੰਬੋਧਨ ਕੀਤਾ। ਪੀਐਮ ਮੋਦੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਸੀਂ ਦੇਸ਼ ਦਾ ਵਿਕਾਸ ਕਰਨ ਲਈ ਦ੍ਰਿੜ ਹਾਂ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰ ਰਿਹਾ ਹੈ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈ ਰਿਹਾ ਹੈ। ਵੀਰ ਬਾਲ ਦਿਵਸ ਦੇ ਰੂਪ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ 'ਵੀਰ ਬਾਲ ਦਿਵਸ' ਦੇਸ਼ ਦੀ ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਦਾ ਪ੍ਰਤੀਕ ਹੈ। ਪਿਛਲੇ ਸਾਲ ਪਹਿਲੀ ਵਾਰ 26 ਦਸੰਬਰ ਨੂੰ ਦੇਸ਼ ਨੇ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਇਆ ਤਾਂ ਦੇਸ਼ ਭਰ ਵਿੱਚ ਹਰ ਕਿਸੇ ਨੇ ਸਾਹਿਬਜ਼ਾਦਿਆਂ ਦੀ ਬਹਾਦਰੀ ਦੀਆਂ ਗਾਥਾਵਾਂ ਬੜੇ ਭਾਵੁਕ ਹੋ ਕੇ ਸੁਣੀਆਂ। ਵੀਰ ਬਾਲ ਦਿਵਸ ਭਾਰਤੀਤਾ ਦੀ ਰੱਖਿਆ ਲਈ ਕੁਝ ਵੀ ਕਰਨ ਦੇ ਦ੍ਰਿੜ ਇਰਾਦੇ ਦਾ ਪ੍ਰਤੀਕ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਬਹਾਦਰੀ ਦੀ ਸਿਖਰ 'ਤੇ ਉਮਰ ਮਾਇਨੇ ਨਹੀਂ ਰੱਖਦੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮਾਤਾ ਗੁਜਰੀ, ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਚਾਰੋਂ ਸਾਹਿਬਜ਼ਾਦਿਆਂ ਦੀ ਬੇਮਿਸਾਲ ਹਿੰਮਤ ਅਤੇ ਸ਼ਹਾਦਤ ਅੱਜ ਵੀ ਭਾਰਤੀਆਂ ਨੂੰ ਤਾਕਤ ਦਿੰਦੇ ਹਨ। ਅੱਜ ਮੈਂ ਬਾਬਾ ਮੋਤੀ ਲਾਲ ਮਹਿਰਾ ਦੇ ਪਰਿਵਾਰ ਦੀ ਸ਼ਹਾਦਤ ਅਤੇ ਦੀਵਾਨ ਟੋਡਰ ਮੱਲ ਦੀ ਭਗਤੀ ਨੂੰ ਵੀ ਯਾਦ ਕਰਦਾ ਹਾਂ। ਚਮਕੌਰ ਅਤੇ ਸਰਹਿੰਦ ਦੀ ਲੜਾਈ 'ਚ ਜੋ ਕੁਝ ਹੋਇਆ, ਉਹ ਅੱਜ ਇਤਿਹਾਸ ਹੈ। ਇਹ ਇਤਿਹਾਸ ਬੇਮਿਸਾਲ ਹੈ। ਇਸ ਇਤਿਹਾਸ ਨੂੰ ਅਸੀਂ ਭੁੱਲਾ ਨਹੀਂ ਸਕਦੇ। ਇਸ ਨੂੰ ਆਉਣ ਵਾਲਿਆਂ ਪੀੜ੍ਹੀਆਂ ਨੂੰ ਯਾਦ ਦਿਵਾਉਂਦੇ ਰਹਿਣਾ ਬਹੁਤ ਜ਼ਰੂਰੀ ਹੈ। ਜਦੋਂ ਅਨਿਆਂ ਅਤੇ ਅੱਤਿਆਚਾਰ ਦਾ ਘੋਰ ਹਨ੍ਹੇਰਾ ਸੀ, ਉਦੋਂ ਵੀ ਸਾਹਿਬਜ਼ਾਦਿਆਂ ਨੇ ਨਿਰਾਸ਼ਾ ਨੂੰ ਪਲ ਭਰ ਲਈ ਹਾਵੀ ਨਹੀਂ ਹੋਣ ਦਿੱਤਾ। ਪੀਐਮ ਮੋਦੀ ਨੇ ਆਪਣੇ ਸੰਬੋਧਨ ਵਿੱਚ ਅੱਗੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਵੀ ਵੀਰ ਬਾਲ ਦਿਵਸ ਮਨਾਇਆ ਜਾ ਰਿਹਾ ਹੈ।


CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਬਾਬਾ ਸਾਹਿਬ ਡਾ. ਅੰਬੇਦਕਰ ਨੇ ਮਨੂੰਸਮ੍ਰਿਤੀ ਨੂੰ ਕਿਉਂ ਸਾੜਿਆ ਸੀ?

25 ਦਸੰਬਰ ਬਹੁਜਨਾਂ ਲਈ "ਮਨੁਸਮ੍ਰਿਤੀ ਦਹਨ ਦਿਵਸ" ਵਜੋਂ ਬਹੁਤ ਮਹੱਤਵਪੂਰਨ ਦਿਨ ਹੈ। ਇਸ ਨੂੰ "ਸਮਾਨਤਾ ਦਿਵਸ" ਵਜੋਂ ਵੀ ਮਨਾਇਆ ਜਾਂਦਾ ਹੈ।ਅੱਜ ਦੇ ਦਿਨ 1927 ਵਿੱਚ, "ਮਹਾੜ ਤਾਲਾਬ" ਦੇ ਮਹਾਨ ਸੰਘਰਸ਼ ਦੇ ਮੌਕੇ 'ਤੇ, ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਖੁੱਲ੍ਹੇਆਮ ਮਨੁਸਮ੍ਰਿਤੀ ਨੂੰ ਸਾੜ ਦਿੱਤਾ ਸੀ।ਇਹ ਬ੍ਰਾਹਮਣਵਾਦ ਵਿਰੁੱਧ ਦਲਿਤਾਂ ਦੇ ਸੰਘਰਸ਼ ਵਿੱਚ ਇਹ ਬਹੁਤ ਮਹੱਤਵਪੂਰਨ ਘਟਨਾ ਸੀ। ਅੰਬੇਡਕਰ ਦੇ ਮਨੂ ਸਮ੍ਰਿਤੀ ਨੂੰ ਸਾੜਨ ਦੇ ਪ੍ਰੋਗਰਾਮ ਨੂੰ ਅਸਫਲ ਕਰਨ ਲਈ ਉੱਚ ਜਾਤੀਆਂ ਨੇ ਫੈਸਲਾ ਕੀਤਾ ਸੀ ਕਿ ਉਨ੍ਹਾਂ ਨੂੰ ਇਸ ਲਈ ਕੋਈ ਜਗ੍ਹਾ ਨਹੀਂ ਮਿਲਣੀ ਚਾਹੀਦੀ, ਪਰ ਫੱਤੇ ਖਾਨ ਨਾਮ ਦੇ ਇੱਕ ਮੁਸਲਮਾਨ ਨੇ ਇਸ ਕੰਮ ਲਈ ਆਪਣੀ ਨਿੱਜੀ ਜ਼ਮੀਨ ਉਪਲਬਧ ਕਰਵਾਈ ਸੀ। ਉਚ ਜਾਤੀਆਂ ਨੇ ਅੰਦੋਲਨਕਾਰੀਆਂ ਉਪਰ ਸਥਾਨਕ ਤੌਰ 'ਤੇ ਭੋਜਨ ਅਤੇ ਹੋਰ ਜ਼ਰੂਰੀ ਚੀਜ਼ਾਂ ਲੈਣ 'ਤੇ ਵੀ ਪਾਬੰਦੀ ਲਗਾ ਦਿੱਤੀ ਸੀ। ਇਸ ਲਈ ਸਾਰਾ ਸਾਮਾਨ ਬਾਹਰੋਂ ਲਿਆਉਣਾ ਪੈਂਦਾ ਸੀ। ਇਸ ਮੌਕੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਵਲੰਟੀਅਰਾਂ ਨੂੰ ਪੰਜ ਗੱਲਾਂ ਦੀ ਸਹੁੰ ਚੁੱਕਣੀ ਪਈ:-

ਮੈਂ ਜਨਮ ਆਧਾਰਿਤ ਚਤੁਰਵਰਣ ਨੂੰ ਨਹੀਂ ਮੰਨਦਾ।

ਮੈਂ ਜਾਤੀ ਵਿਤਕਰੇ ਵਿੱਚ ਵਿਸ਼ਵਾਸ ਨਹੀਂ ਰੱਖਦਾ।

ਮੇਰਾ ਮੰਨਣਾ ਹੈ ਕਿ ਜਾਤੀਵਾਦ ਹਿੰਦੂ ਧਰਮ 'ਤੇ ਇਕ ਦਾਗ ਹੈ ਅਤੇ ਮੈਂ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਾਂਗਾ।ਇਹ ਮੰਨ ਕੇ ਕਿ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ, ਘੱਟੋ-ਘੱਟ ਮੈਂ ਹਿੰਦੂਆਂ ਦੀ ਖਾਣ-ਪੀਣ ਵਿਚ ਕੋਈ ਪਾਬੰਦੀ ਨਹੀਂ ਮੰਨਾਂਗਾ।ਮੇਰਾ ਮੰਨਣਾ ਹੈ ਕਿ ਦਲਿਤਾਂ ਨੂੰ ਮੰਦਰਾਂ, ਤਾਲਾਬਾਂ ਅਤੇ ਹੋਰ ਸਹੂਲਤਾਂ ਵਿੱਚ ਬਰਾਬਰ ਦਾ ਹੱਕ ਹੈ।ਡਾ: ਅੰਬੇਡਕਰ ਦਾਸਗਾਂਵ ਬੰਦਰਗਾਹ ਤੋਂ ਪਦਮਾਵਤੀ ਕਿਸ਼ਤੀ ਰਾਹੀਂ ਆਏ ਸਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਬੱਸਾਂ ਉਨ੍ਹਾਂ ਨੂੰ ਲੈਣ ਤੋਂ ਇਨਕਾਰ ਕਰ ਸਕਦੀਆਂ ਹਨ ਅਤੇ ਰਸਤੇ ਵਿੱਚ ਉਨ੍ਹਾਂ 'ਤੇ ਹਮਲਾ ਹੋ ਸਕਦਾ ਹੈ।ਕੁਝ ਲੋਕਾਂ ਨੇ ਬਾਅਦ ਵਿੱਚ ਕਿਹਾ ਕਿ ਡਾਕਟਰ ਅੰਬੇਡਕਰ ਨੇ ਮਨੁਸਮ੍ਰਿਤੀ ਨੂੰ ਅੱਗ ਲਾਉਣ ਦਾ ਫੈਸਲਾ ਆਖਰੀ ਸਮੇਂ ਵਿੱਚ ਲਿਆ ਸੀ ਕਿਉਂਕਿ ਅਦਾਲਤ ਦੇ ਹੁਕਮਾਂ ਅਤੇ ਕੁਲੈਕਟਰ ਦੇ ਮਨਸੂਬੇ ਕਾਰਨ ਮਹਾੜ ਦੇ ਛੱਪੜ ਵਿੱਚੋਂ ਪਾਣੀ ਪੀਣ ਦਾ ਪ੍ਰੋਗਰਾਮ ਰੱਦ ਕਰਨਾ ਪਿਆ ਸੀ। ਇਹ ਸਹੀ ਨਹੀਂ ਹੈ ਕਿਉਂਕਿ ਮੀਟਿੰਗ ਪੰਡਾਲ ਦੇ ਸਾਹਮਣੇ ਪਹਿਲਾਂ ਹੀ ਮਨੁਸਮ੍ਰਿਤੀ ਨੂੰ ਸਾੜਨ ਦੀ ਵਿਉਂਤ ਬਣਾਈ ਗਈ ਸੀ। ਛੇ ਬੰਦੇ ਦੋ ਦਿਨਾਂ ਤੋਂ ਇਸ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਇੱਕ ਟੋਆ ਜੋ 6 ਇੰਚ ਡੂੰਘਾ ਅਤੇ ਡੇਢ ਫੁੱਟ ਵਰਗਾਕਾਰ ਸੀ, ਜਿਸ ਵਿੱਚ ਚੰਦਨ ਦੀ ਲੱਕੜ ਰੱਖੀ ਗਈ ਸੀ। ਇਸ ਦੇ ਚਾਰੇ ਪਾਸੇ ਚਾਰ ਖੰਭੇ ਲਗਾਏ ਹੋਏ ਸਨ ਜਿਨ੍ਹਾਂ ਉੱਤੇ ਤਿੰਨ ਬੈਨਰ ਟੰਗੇ ਹੋਏ ਸਨ ਜਿਨ੍ਹਾਂ ਉੱਤੇ ਲਿਖਿਆ ਸੀ:-




ਮਨੂ ਸਮ੍ਰਿਤੀ ਦਹਿਣ ਸਥਲ ਅਛੂਤਤਾ ਦਾ ਨਾਸ਼ ਹੋਵੇ ਅਤੇ ਬ੍ਰਾਹਮਣਵਾਦ ਨੂੰ ਦਫਨ ਕਰ ਦਿਓ।25 ਦਸੰਬਰ 1927 ਨੂੰ ਰਾਤ 9 ਵਜੇ ਡਾ. ਅੰਬੇਡਕਰ, ਸਹਸਤ੍ਰਬੁੱਧੇ ਅਤੇ ਹੋਰ 6 ਦਲਿਤ ਸਾਧੂਆਂ ਵੱਲੋਂ ਮਨੁਸਮ੍ਰਿਤੀ ਨੂੰ ਸਾੜ ਦਿੱਤਾ ਗਿਆ।ਮੀਟਿੰਗ ਵਿੱਚ ਬਾਬਾ ਸਾਹਿਬ ਦਾ ਇਤਿਹਾਸਕ ਭਾਸ਼ਣ ਦਿੱਤਾ ਗਿਆ। ਉਸ ਭਾਸ਼ਣ ਦੇ ਮੁੱਖ ਨੁਕਤੇ ਇਸ ਪ੍ਰਕਾਰ ਸਨ:-"ਸਾਨੂੰ ਸਮਝਣਾ ਚਾਹੀਦਾ ਹੈ ਕਿ ਸਾਨੂੰ ਇਸ ਛੱਪੜ ਦਾ ਪਾਣੀ ਪੀਣ ਤੋਂ ਕਿਉਂ ਰੋਕਿਆ ਗਿਆ ਹੈ।" ਬਾਬਾ ਸਾਹਿਬ ਨੇ ਚਤੁਰਵਰਣ ਦੀ ਵਿਆਖਿਆ ਕੀਤੀ ਅਤੇ ਘੋਸ਼ਣਾ ਕੀਤੀ ਕਿ ਸਾਡਾ ਸੰਘਰਸ਼ ਚਤੁਰਵਰਣ ਨੂੰ ਨਸ਼ਟ ਕਰਨਾ ਹੈ ਅਤੇ ਇਹ ਬਰਾਬਰੀ ਲਈ ਸਾਡੇ ਸੰਘਰਸ਼ ਦਾ ਪਹਿਲਾ ਕਦਮ ਹੈ। ਬਾਬਾ ਸਾਹਿਬ ਨੇ ਇਸ ਮੀਟਿੰਗ ਦੀ ਤੁਲਨਾ 24 ਜਨਵਰੀ, 1789 ਦੀ ਉਸ ਮੀਟਿੰਗ ਨਾਲ ਕੀਤੀ, ਜਦੋਂ ਲੂਈ ਸੋਲ੍ਹਵੇਂ ਨੇ ਫਰਾਂਸ ਦੇ ਜਨਤਕ ਨੁਮਾਇੰਦਿਆਂ ਦੀ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਵਿੱਚ ਰਾਜੇ ਅਤੇ ਰਾਣੀ ਮਾਰੇ ਗਏ ਸਨ, ਉੱਚ ਵਰਗ ਦੇ ਲੋਕਾਂ ਨੂੰ ਮਾਰਿਆ ਵੀ ਗਿਆ। ਬਾਕੀ ਭੱਜ ਗਏ ਅਤੇ ਅਮੀਰ ਲੋਕਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ, ਜਿਸ ਨਾਲ 15 ਸਾਲਾਂ ਦੀ ਲੰਮੀ ਘਰੇਲੂ ਜੰਗ ਸ਼ੁਰੂ ਹੋ ਗਈ। ਲੋਕ ਇਸ ਕ੍ਰਾਂਤੀ ਦੀ ਮਹੱਤਤਾ ਨੂੰ ਨਹੀਂ ਸਮਝ ਸਕੇ ਹਨ।ਬਾਬਾ ਸਾਹਿਬ ਨੇ ਫਰਾਂਸੀਸੀ ਕ੍ਰਾਂਤੀ ਬਾਰੇ ਵਿਸਥਾਰ ਨਾਲ ਦੱਸਿਆ। ਇਹ ਕ੍ਰਾਂਤੀ ਨਾ ਸਿਰਫ ਫਰਾਂਸ ਦੇ ਲੋਕਾਂ ਦੀ ਖੁਸ਼ਹਾਲੀ ਦੀ ਸ਼ੁਰੂਆਤ ਸੀ, ਇਸ ਨੇ ਪੂਰੇ ਯੂਰਪ ਅਤੇ ਦੁਨੀਆ ਵਿਚ ਕ੍ਰਾਂਤੀ ਲਿਆ ਦਿੱਤੀ।ਇਸ ਤੋਂ ਬਾਅਦ ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਸਿਰਫ਼ ਛੂਤ-ਛਾਤ ਨੂੰ ਖ਼ਤਮ ਕਰਨਾ ਨਹੀਂ ਸਗੋਂ ਇਸ ਦੀ ਜੜ੍ਹ ਤੋਂ ਚਤੁਰਵਰਣ ਨੂੰ ਖ਼ਤਮ ਕਰਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਵੇਂ ਪੈਟ੍ਰੀਸ਼ੀਅਨਾਂ ਨੇ ਧਰਮ ਦੇ ਨਾਂ 'ਤੇ ਪਲੇਬੀਅਨਾਂ ਨੂੰ ਮੂਰਖ ਬਣਾਇਆ ਹੈ। ਉਨ੍ਹਾਂ ਨੇ ਚੁਣੌਤੀ ਦਿੱਤੀ ਸੀ ਅਤੇ ਕਿਹਾ ਸੀ ਕਿ ਛੂਤ-ਛਾਤ ਦਾ ਮੁੱਖ ਕਾਰਨ ਅੰਤਰ-ਜਾਤੀ ਵਿਆਹਾਂ 'ਤੇ ਪਾਬੰਦੀ ਹੈ ਜਿਸ ਨੂੰ ਸਾਨੂੰ ਤੋੜਨਾ ਪਵੇਗਾ। ਬਾਬਾ ਸਾਹਿਬ ਨੇ ਉੱਚ ਜਾਤੀਆਂ ਨੂੰ ਅਪੀਲ ਕੀਤੀ ਕਿ ਉਹ ਇਸ "ਸਮਾਜਿਕ ਕ੍ਰਾਂਤੀ" ਨੂੰ ਸ਼ਾਂਤਮਈ ਢੰਗ ਨਾਲ ਹੋਣ ਦੇਣ, ਜਾਤੀਵਾਦ ਦੇ ਹੱਕ ਵਿਚ ਧਰਮ ਗ੍ਰੰਥਾਂ ਨੂੰ ਰੱਦ ਕਰਨ ਅਤੇ ਨਿਆਂ ਦੇ ਸਿਧਾਂਤ ਨੂੰ ਸਵੀਕਾਰ ਕਰਨ। ਸਭਾ ਵਿੱਚ ਚਾਰ ਮਤੇ ਪਾਸ ਕੀਤੇ ਗਏ ਅਤੇ ਬਰਾਬਰਤਾ ਦਾ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਉੱਪਰ ਦੱਸੇ ਅਨੁਸਾਰ ਮਨੁਸਮ੍ਰਿਤੀ ਨੂੰ ਸਾੜ ਦਿੱਤਾ ਗਿਆ।ਬ੍ਰਾਹਮਣਵਾਦੀ ਮੀਡੀਆ ਵਿੱਚ ਇਸ ਦਾ ਤਿੱਖਾ ਪ੍ਰਤੀਕਰਮ ਹੋਇਆ। ਇੱਕ ਅਖਬਾਰ ਨੇ ਬਾਬਾ ਸਾਹਿਬ ਨੂੰ "ਭੀਮ ਅਸੁਰ" ਕਿਹਾ। ਡਾ: ਅੰਬੇਡਕਰ ਨੇ ਕਈ ਲੇਖਾਂ ਵਿਚ ਮਨੁਸਮ੍ਰਿਤੀ ☞


## ਲਰਨਿੰਗ ਲਾਇਸੈਂਸ

**ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

**A to Z DRIVING SCHOOL**

Lucky: **604-614-5365**

Unit 15 - 8388 128 St., Surrey



## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

### ਇਸ ਹਫਤੇ ਦੇ ਪ੍ਰੋਗਰਾਮ

*27 ਦਸੰਬਰ ਸੰਤ ਬਾਬਾ ਅਤਰ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਪਹਿਲੇ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਦੀਦਾਰ ਸਿੰਘ ਜੀ ਦੇ ਪਰਿਵਾਰ ਵੱਲੋਂ ਹੋਵੇਗੀ, ਭੋਗ 29 ਦਸੰਬਰ ਸ਼ੁੱਕਰਵਾਰ ਪਾਏ ਜਾਣਗੇ।
*29 ਦਸੰਬਰ ਨੂੰ ਭਾਈ ਗੁਰਜੰਟ ਸਿੰਘ ਤੇ ਪਵਿੱਤਰ ਕੌਰ ਖੱਟੜਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 31 ਦਸੰਬਰ ਨੂੰ ਪਾਏ ਜਾਣਗੇ।
*30 ਦਸੰਬਰ ਦਿਨ ਸ਼ਨਿਚਰਵਾਰ ਨੂੰ ਵੈਸਟ ਕੋਸਟ ਆਟੋ ਸੇਲਜ ਕੰਪਨੀ ਤੇ ਵਿਜੇ ਸਿੰਘ ਮਾਨ, ਮਨਪ੍ਰੀਤ ਸਿੰਘ, ਮਨਦੀਪ ਸਿੰਘ ਵੱਲੋਂ ਅਖੰਡਪਾਠ ਸਾਹਿਬ ਦੀ ਆਰੰਭਤਾ ਹੋਵੇਗੀ।
*30 ਦਸੰਬਰ ਦਿਨ ਸ਼ਨਿਚਰਵਾਰ ਸੁਖਮਨੀ ਸਾਹਿਬ, ਲੰਗਰ, ਕੀਰਤਨ ਦੀ ਸੇਵਾ ਹਰਮਨਜੋਤ ਕੌਰ ਰੰਗੀ ਪਰਿਵਾਰ ਵੱਲੋਂ ਹੋਵੇਗੀ।
*31 ਦਸੰਬਰ ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 9.30 ਵਜੇ ਖਟੜਾ ਪਰਿਵਾਰ ਵੱਲੋਂ
*31 ਦਸੰਬਰ ਪਾਠ ਸੁਖਮਨੀ ਸਾਹਿਬ ਅਤੇ ਕੀਰਤਨ, ਲੰਗਰਾਂ ਦੀ ਸੇਵਾ ਸਵੇਰੇ 11 ਵਜੇ ਗੁਰਪ੍ਰੇਮ ਸਿੰਘ ਧਾਲੀਵਾਲ ਪਰਿਵਾਰ ਵੱਲੋਂ
*31 ਦਸੰਬਰ ਸਾਰਾ ਦਿਨ ਦੀਵਾਨ ਰਾਤ 12.15 ਵਜੇ ਤੱਕ ਸਜਣਗੇ, ਨਵੇਂ ਸਾਲ ਦੀ ਆਮਦ ਤੇ ਅਰਦਾਸ ਹੋਵੇਗੀ।
*1 ਜਨਵਰੀ ਵੈਸਟ ਕੋਸਟ ਸੇਲਜ ਕੰਪਨੀ ਵੱਲੋਂ ਰਖਾਏ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।
*2 ਜਨਵਰੀ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ *2 ਜਨਵਰੀ ਆਰੰਭ ਅਖੰਡਪਾਠ ਸਾਹਿਬ ਜਗਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ
*4 ਜਨਵਰੀ ਭੋਗ ਸ੍ਰੀ ਅਖੰਡਪਾਠ ਸਾਹਿਬ
*4 ਜਨਵਰੀ ਆਰੰਭ ਅਖੰਡਪਾਠ ਸਾਹਿਬ ਭਾਈ ਜਸਪਾਲ ਸਿੰਘ ਭਾਰਜ ਅਤੇ ਅਵਤਾਰ ਕੌਰ ਭਾਰਜ ਪਰਿਵਾਰ ਵੱਲੋਂ

ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।


**ਰਾਗੀ ਜੱਥੇ**
ਭਾਈ ਕੁਲਦੀਪ ਸਿੰਘ ਰਸੀਲਾ

**ਕਥਾਵਾਚਕ**
ਭਾਈ ਜਸਵੀਰ ਸਿੰਘ ਖੜਗ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

**ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ**

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



### ਰੋਜਾਨਾ ਦੇ ਪ੍ਰੋਗਰਾਮ

**ਸਵੇਰੇ**

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

**ਸ਼ਾਮ**

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਪਾਕਿਸਤਾਨ ਦੀਆਂ ਆਮ ਚੋਣਾਂ 'ਚ ਪਹਿਲੀ ਹਿੰਦੂ ਮਹਿਲਾ ਉਮੀਦਵਾਰ ਡਾ. ਸਵੀਰਾ ਪ੍ਰਕਾਸ਼



ਇਸਲਾਮਾਬਾਦ)-ਪਾਕਿਸਤਾਨ 'ਚ ਆਮ ਚੋਣਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਲੰਬੇ ਸਮੇਂ ਤੋਂ ਪਾਕਿਸਤਾਨ 'ਚ ਆਮ ਚੋਣਾਂ ਨੂੰ ਲੈ ਕੇ ਉਤਸੁਕਤਾ ਸੀ ਕਿ ਇਹ ਚੋਣਾਂ ਕਦੋਂ ਹੋਣਗੀਆਂ ਪਰ ਤਰੀਕਾਂ ਦੇ ਐਲਾਨ ਤੋਂ ਬਾਅਦ ਇਹ ਗੱਲ ਖਤਮ ਹੋ ਗਈ ਹੈ। ਹੁਣ ਪਾਕਿਸਤਾਨ ਦੀਆਂ ਆਮ ਚੋਣਾਂ ਇੱਕ ਨਵੇਂ ਕਾਰਨ ਨਾਲ ਸੁਰਖੀਆਂ ਵਿੱਚ ਹਨ। ਇਨ੍ਹਾਂ ਸੁਰਖੀਆਂ 'ਚ ਆਉਣ ਦਾ ਕਾਰਨ ਪਾਕਿਸਤਾਨੀ ਰਾਜਨੀਤੀ 'ਚ ਹਿੰਦੂ ਔਰਤ ਦੀ ਐਂਟਰੀ ਹੈ।

ਇਹ ਹਿੰਦੂ ਮਹਿਲਾ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਵੱਲੋਂ ਉਮੀਦਵਾਰ ਹੈ, ਜੋ ਪਾਕਿਸਤਾਨ ਦੀ ਸਭ ਤੋਂ ਵੱਡੀ ਪਾਰਟੀਆਂ ਵਿੱਚੋਂ ਇੱਕ ਹੈ। ਪਾਕਿਸਤਾਨ ਵਿੱਚ ਅਗਲੇ ਸਾਲ 8 ਫਰਵਰੀ ਨੂੰ 16ਵੀਂ ਨੈਸ਼ਨਲ ਅਸੈਂਬਲੀ ਦੇ ਮੈਂਬਰਾਂ ਦੀ ਚੋਣ ਲਈ ਆਮ ਚੋਣਾਂ ਹੋਣੀਆਂ ਹਨ।ਉਹ ਵਰਤਮਾਨ ਵਿੱਚ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੀ ਮਹਿਲਾ ਵਿੰਗ ਦੀ ਜਨਰਲ ਸਕੱਤਰ ਵਜੋਂ ਕੰਮ ਕਰਦੀ ਹੈ। ਪਾਕਿਸਤਾਨੀ-ਹਿੰਦੂ ਡਾਕਟਰ ਸਵੀਰਾ ਪ੍ਰਕਾਸ਼ ਨੇ ਡਾਨ ਨੂੰ ਦੱਸਿਆ ਕਿ "ਮਨੁੱਖਤਾ ਦੀ ਸੇਵਾ ਕਰਨਾ ਮੇਰੇ ਖੂਨ ਵਿੱਚ ਹੈ" ਕਿਉਂਕਿ ਉਸ ਦੀ ਡਾਕਟਰੀ ਪਿਛੋਕੜ ਹੈ। ਉਸ ਨੇ ਕਿਹਾ ਕਿ ਉਸ ਦਾ ਚੁਣੇ ਹੋਏ ਵਿਧਾਇਕ ਬਣਨ ਦਾ ਸੁਪਨਾ ਮਾੜੇ ਪ੍ਰਬੰਧਾਂ ਅਤੇ ਲਾਚਾਰੀ ਦੇ ਕਾਰਨ ਪੈਦਾ ਹੋਇਆ ਹੈ ਜੋ ਉਸ ਨੇ ਇੱਕ ਡਾਕਟਰ ਵਜੋਂ ਸਰਕਾਰੀ ਹਸਪਤਾਲਾਂ ਵਿੱਚ ਅਨੁਭਵ ਕੀਤਾ ਸੀ।

---

ਨੂੰ ਸਾੜਨ ਨੂੰ ਜਾਇਜ਼ ਠਹਿਰਾਇਆ। ਉਸ ਨੇ ਉਨ੍ਹਾਂ ਲੋਕਾਂ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ "ਉਨ੍ਹਾਂ ਨੇ ਮਨੁਸਮ੍ਰਿਤੀ ਨਹੀਂ ਪੜ੍ਹੀ" ਅਤੇ ਕਿਹਾ ਕਿ ਅਸੀਂ ਇਸ ਨੂੰ ਕਦੇ ਵੀ ਸਵੀਕਾਰ ਨਹੀਂ ਕਰਾਂਗੇ। ਉਨ੍ਹਾਂ ਲੋਕਾਂ ਦਾ ਧਿਆਨ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ ਵੱਲ ਦਿਵਾਉਂਦਿਆਂ ਕਿਹਾ ਕਿ ਉਹ ਲੋਕ ਮਨੂੰ ਸਮ੍ਰਿਤੀ ਦਾ ਪਾਲਣ ਕਰ ਰਹੇ ਹਨ ਜੋ ਕਹਿੰਦੇ ਹਨ ਕਿ ਇਹ ਅਮਲ ਵਿਚ ਨਹੀਂ ਹੈ, ਤੁਸੀਂ ਫਿਰ ਇਸ ਨੂੰ ਮਹੱਤਵ ਕਿਉਂ ਦਿੰਦੇ ਹੋ।ਉਨ੍ਹਾਂ ਅੱਗੇ ਸਵਾਲ ਕੀਤਾ ਕਿ ਜੇਕਰ ਇਹ ਪੁਰਾਣੀ ਹੋ ਗਈ ਹੈ। ਫਿਰ ਤੁਹਾਨੂੰ ਕਿਸੇ ਦੇ ਸਾੜਨ 'ਤੇ ਕੋਈ ਇਤਰਾਜ਼ ਕਿਉਂ ਹੈ? ਉਨ੍ਹਾਂ ਅੱਗੇ ਐਲਾਨ ਕੀਤਾ ਕਿ "ਜੇ ਬਦਕਿਸਮਤੀ ਨਾਲ ਮਨੂ ਸਮ੍ਰਿਤੀ ਨੂੰ ਸਾੜ ਕੇ ਬ੍ਰਾਹਮਣਵਾਦ ਖਤਮ ਨਹੀਂ ਹੁੰਦਾ, ਤਾਂ ਸਾਨੂੰ ਹਿੰਦੂ ਧਰਮ ਛੱਡਣਾ ਪਵੇਗਾ।" ਅਖੀਰ ਬਾਬਾ ਸਾਹਿਬ ਨੂੰ ਹਿੰਦੂ ਧਰਮ ਛੱਡ ਕੇ ਬੁੱਧ ਧਰਮ ਦਾ ਰਾਹ ਅਪਨਾਉਣਾ ਪਿਆ।

-ਪ੍ਰੋਫੈਸਰ ਬਲਵਿੰਦਰ ਪਾਲ ਸਿੰਘ


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ

Winner of Awaaz Punjabi
Voice of Punjab
India Got Talent
BEST IN PUNJAB FOLK SONGS
Ph:236-881-1276
Email:meriawaaz.music@gmail.com
YouTube harmanpreetofficial

# ਫਰਾਂਸ ‘ਚ ਮਨੁੱਖੀ ਤਸਕਰੀ ਦੇ ਦੋਸ਼ ‘ਚ 300 ਭਾਰਤੀ ਗ੍ਰਿਫਤਾਰ

ਫਰਾਂਸ: ਫਰਾਂਸ ਦੇ ਚਾਰ ਜੱਜਾਂ ਨੇ ਮਨੁੱਖੀ ਤਸਕਰੀ ਦੇ ਦੋਸ਼ ‘ਚ ਪੈਰਿਸ ਨੇੜੇ ਹਿਰਾਸਤ ‘ਚ ਲਏ ਜਹਾਜ਼ ‘ਚ ਸਫਰ ਕਰ ਰਹੇ 300 ਤੋਂ ਵੱਧ ਭਾਰਤੀਆਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ। ਨਿਕਾਰਾਗੁਆ ਜਾਣ ਵਾਲੀ ਏਅਰਬੱਸ ਅ340 ਨੂੰ ਪੈਰਿਸ ਤੋਂ 150 ਕਿਲੋਮੀਟਰ (95 ਮੀਲ) ਪੂਰਬ ਵੱਲ ਵੈਟਰੀ ਹਵਾਈ ਅੱਡੇ ‘ਤੇ ਰੱਖਿਆ ਗਿਆ ਹੈ, ਜਦੋਂ ਤੋਂ ਵੀਰਵਾਰ ਨੂੰ ਦੁਬਈ ਤੋਂ ਇਕ ਅਗਿਆਤ ਸੂਚਨਾ ਤੋਂ ਬਾਅਦ ਰਿਫਿਊਲ ਭਰਨ ਲਈ ਪਹੁੰਚਣ ਤੋਂ ਬਾਅਦ ਕਿ ਇਹ ਮਨੁੱਖੀ ਤਸਕਰੀ ਦੇ ਸੰਭਾਵੀ ਪੀੜਤਾਂ ਨੂੰ ਲੈ ਕੇ ਜਾ ਰਿਹਾ ਸੀ। ਸਰਕਾਰੀ ਵਕੀਲ ਨੇ ਕਿਹਾ ਕਿਜਾਂਚਕਰਤਾਵਾਂ ਨੇ ਯਾਤਰੀਆਂ ਅਤੇ ਫਲਾਈਟ ਦੇ ਅਮਲੇ ਦੀ ਪਛਾਣ ਦੀ ਜਾਂਚ ਕੀਤੀ ਹੈ, ਅਤੇ ਉਨ੍ਹਾਂ ਦੀ ਯਾਤਰਾ ਦੀਆਂ “ਸ਼ਰਤਾਂ ਅਤੇ ਉਦੇਸ਼ਾਂ” ਦੀ ਪੁਸ਼ਟੀ ਕਰ ਰਹੇ ਹਨ। ਮਾਰਨੇ ਖੇਤਰ ਵਿੱਚ ਨਾਗਰਿਕ ਸੁਰੱਖਿਆ ਦੇ ਮੁਖੀ ਪੈਟਰਿਕ ਜਾਲੌਕਸ ਨੇ ਕਿਹਾ ਕਿ ਕੁਝ ਯਾਤਰੀ ਹਿੰਦੀ, ਭਾਰਤ ਦੀ ਰਾਸ਼ਟਰੀ ਭਾਸ਼ਾ, ਅਤੇ ਬਾਕੀ ਤਾਮਿਲ ਬੋਲਦੇ ਸਨ ਜੋ ਦੱਖਣੀ ਭਾਰਤ ਵਿੱਚ ਬੋਲੀ ਜਾਂਦੀ ਹੈ।




**Think Insurance**

**PARMINDER S. THIND**
CEO

**Cell:1-604-828-7213**
**Tel:587-438-7213**
info@thinkinsurance.ca
www.thinkinsurance.ca

ਕਨੇਡਾ ਵਰਗੇ ਮੁਲਕ ਵਿਚ ਤੁਹਾਡੇ ਕੋਲ ਇੰਸ਼ੋਰੈਂਸ ਦਾ ਹੋਣਾ ਬਹੁਤ ਜਰੂਰੀ ਹੈ ਇਸ ਲਈ ਪਰਮਿੰਦਰ ਥਿੰਦ ਲੈ ਕੇ ਆ ਰਹੇ ਨੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀਆਂ ਜਰੂਰਤਾਂ ਦੇ ਅਨੁੰਸਾਰ ਇੰਸ਼ੋਰੈਂਸ ਪਲੈਨ। ਉਹ ਵੀ ਸਭ ਤੋਂ ਘੱਟ ਕੀਮਤ ਵਿਚ।

**ਆਪਣੇ ਬੱਚੇ ਨੂੰ ਦੇਵੋਂ ਸੁਰੱਖਿਅਤ ਭਵਿੱਖ ਦਾ ਅਨਮੋਲ ਤੋਹਫਾ!**

- ਲਾਈਫ ਇੰਸ਼ੋਰੈਂਸ
- ਡਿਸਏਬਿਲਿਟੀ ਇੰਸ਼ੋਰੈਂਸ
- ਕ੍ਰਿਟੀਕਲ ਇੰਸ਼ੋਰੈਂਸ
- ਮੌਰਗੇਜ ਇੰਸ਼ੋਰੈਂਸ
- ਲੌਂਗ ਟਰਮ ਕੇਅਰ ਇੰਸ਼ੋਰੈਂਸ
- ਟਰੈਵਲ (ਸੁਪਰ ਵੀਜਾ) ਇੰਸ਼ੋਰੈਂਸ
- ਹੈਲਥ ਐਂਡ ਡੈਂਟਲ ਇੰਸ਼ੋਰੈਂਸ (Group/Individual )
- ਇਨਵੈਸਟਮੈਂਟ:SEG Funds, Annuities, Private Equity, Other RRSP, RRIF and TFSA.
- ਪਲੈਨਿੰਗ:Estate Planning, Retirement, Partnership, Buy & Sell, Key Person.
- ਤੁਹਾਡੀ ਲੋੜ ਅਨੁਸਾਰ ਇੰਸ਼ੋਰੈਂਸ ਪ੍ਰੋਡਕਟਸ
- ਅਸੀਂ ਹਿੰਦੀ, ਪੰਜਾਬੀ ਅਤੇ ਅੰਗਰੇਜੀ ਵਿਚ ਸੇਵਾਵਾਂ ਦਿੰਦੇ ਹਾਂ
- ਬੀ ਸੀ ਅਤੇ ਅਲਬਰਟਾ ਵਿਚ ਤਜਰਬੇਕਾਰ ਸਲਾਹਕਾਰ

ਟਰੱਕ ਓਪਰੇਟਰਾਂ ਵਾਸਤੇ ਸਪੈਸ਼ਲ ਪਲੈਨ

ਲਾਈਫ ਇੰਸ਼ੋਰੈਂਸ ਨਾਲ 100% ਮਨੀ ਬੈਕ ਮਿਲ ਸਕਦੀ ਹੈ

ਡਿਸਏਬਿਲਿਟੀ ਇੰਸ਼ੋਰੈਂਸ ਨਾਲ ਤੁਹਾਡਾ ਪੇਅ ਚੈੱਕ ਅਤੇ ਬਿਜਨਸ ਸੁਰੱਖਿਅਤ

ਯਾਦ ਰੱਖੋ, ਸਹੀ ਸਮੇਂ ਤੇ ਸਹੀ ਫੈਸਲੇ ਲੈਣ ਲਈ ਸਹੀ ਸਲਾਹ ਜਰੂਰੀ ਹੈ!
ਆਪਣੇ ਇੰਸ਼ੋਰੈਂਸ ਸਬੰਧੀ ਸਾਰੇ ਸਵਾਲਾਂ ਲਈ ਅੱਜ ਹੀ ਫੋਨ ਕਰ ਕੇ ਅਪਾਇੰਟਮੈਂਟ ਬੁੱਕ ਕਰੋ



ਮਨ ਮਨੁੱਖ ਦੀ ਕੁੰਜੀ ਹੈ

**Mind is the key to the man.**

**NATURAL HOMEOPATHIC SOLUTIONS**

Homeopathic Natural Products And Consultations

- Stress
- Obesity & Weight Management & much more

**2nd Location at Abbotsford also**
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਊਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿਚੋਂ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

***Good Paying Loads***



## Need Company Drivers

*Single Driver Pay 52cents/mile*
*Team Drivers 32 cents/mile*

**FOR MORE INFORMATION CALL AT:**

**(604) 598-3680 Fax: 604-596-3681 Cell: 778-838-3680**

***#121-13140-80Ave Surrey, BC V3W 3B2***

# ਭਾਜਪਾ ਦੀਆਂ ਗਲਤ ਨੀਤੀਆਂ ਤੇ ਨੋਟਬੰਦੀ ਕਾਰਨ ਦੇਸ਼ ਵਿੱਚ ਭ੍ਰਿਸ਼ਟਾਚਾਰ ਵਧਿਆ:ਅਖਿਲੇਸ਼

ਲਖਨਊ:-ਸਮਾਜਵਾਦੀ ਪਾਰਟੀ (ਐੱਸਪੀ) ਦੇ ਮੁਖੀ ਅਖਿਲੇਸ਼ ਯਾਦਵ ਨੇ ਦਾਅਵਾ ਕੀਤਾ ਕਿ ਨੋਟਬੰਦੀ ਮਗਰੋਂ ਭਾਜਪਾ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਵਿੱਚ ਭ੍ਰਿਸ਼ਟਾਚਾਰ ਤੇ ਕਾਲਾ ਧਨ ਵਧਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਤਾਂ ਹੀ ਤਰੱਕੀ ਕਰੇ ਸਕੇਗਾ ਜੇਕਰ ਉਸ ਨੂੰ ਭਾਜਪਾ ਸਰਕਾਰ ਤੋਂ ਨਿਜਾਤ ਮਿਲੇਗੀ।ਇਥੇ ਪਾਰਟੀ ਦਫਤਰ ਵਿੱਚ 'ਮਹਾਬ੍ਰਾਹਮਣ' ਪੰਚਾਇਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਜਪਾ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਸਰਕਾਰ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ,''ਭਾਜਪਾ ਨੇ ਗਰੀਬਾਂ ਦੀ ਅਣਖ ਨੂੰ ਢਾਹ ਲਾਈ ਹੈ। ਮੁਫਤ ਰਾਸ਼ਨ ਵੰਡ ਕੇ ਲੋਕਾਂ ਦੀ ਗਰੀਬੀ ਦਾ ਮਜ਼ਾਕ ਉਡਾਇਆ ਗਿਆ ਹੈ।'' ਐੱਸਪੀ ਸੁਪਰੀਮੋ ਨੇ ਦਾਅਵਾ ਕੀਤਾ ਕਿ ਭਾਜਪਾ ਦੇ ਰਾਜ ਵਿੱਚ ਕਿਸਾਨ ਸਮੱਸਿਆਵਾਂ 'ਚ ਘਿਰੇ ਹੋਏ ਹਨ। ਉਨ੍ਹਾਂ ਕਿਹਾ,''ਕਿਸਾਨਾਂ ਨੂੰ ਰੁਜ਼ਗਾਰ ਦੇਣ ਨਾਲ ਹੀ ਉਨ੍ਹਾਂ ਦੀ ਆਮਦਨ ਵਧਾਈ ਜਾ ਸਕਦੀ ਹੈ।'' ਉਨ੍ਹਾਂ ਦਾਅਵਾ ਕੀਤਾ ਕਿ ਉੱਤਰ ਪ੍ਰਦੇਸ਼ ਦੇ ਵਿਕਾਸ 'ਚ ਭਾਜਪਾ ਦੀ ਕੋਈ ਭੂਮਿਕਾ ਨਹੀਂ ਹੈ ਤੇ ਸੂਬੇ ਵਿੱਚ ਨਿਵੇਸ਼ ਦੇ ਨਾਂ 'ਤੇ ਸਿਰਫ ਕਾਨਫਰੰਸਾਂ ਹੀ ਕੀਤੀਆਂ ਜਾਂਦੀਆਂ ਹਨ। ਨਿਵੇਸ਼ ਸਬੰਧੀ ਕੀਤੇ ਗਏ ਸਮਝੌਤੇ ਸਿਰੇ ਨਹੀਂ ਚੜ੍ਹ ਸਕੇ। ਉਨ੍ਹਾਂ ਕਿਹਾ ਕਿ ਸਮਾਜਵਾਦੀ ਪਾਰਟੀ ਹੀ ਗਰੀਬਾਂ ਦੀ ਸ਼ੁੱਭਚਿੰਤਕ ਹੈ ਜਦੋਂ ਕਿ ਭਾਜਪਾ ਵੱਲੋਂ ਪੂੰਜੀਪਤੀਆਂ ਦਾ ਪੱਖ ਪੂਰਿਆ ਜਾ ਰਿਹਾ ਹੈ।ਸਮਾਗਮ ਦੌਰਾਨ ਸਾਬਕਾ ਉੱਪ ਮੁੱਖ ਮੰਤਰੀ ਦਾ ਸਨਮਾਨ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੇ ਕਾਰਜਕਾਲ ਵਿੱਚ ਕੋਈ ਵੀ ਲੋਕ ਭਲਾਈ ਯੋਜਨਾ ਲਾਗੂ ਨਹੀਂ ਕੀਤੀ। ਭਾਜਪਾ ਨੇ ਸਿਰਫ਼ ਝੂਠ ਦੀ ਰਾਜਨੀਤੀ ਕੀਤੀ ਹੈ।

# ਪਹਿਲਵਾਨ ਵਿਨੇਸ਼ ਫੋਗਾਟ ਨੇ ਖੇਲ ਰਤਨ ਤੇ ਅਰਜੁਨ ਐਵਾਰਡ ਮੋੜੇ

ਨਵੀਂ ਦਿੱਲੀ:-ਵਰਲਡ ਚੈਂਪੀਅਨਸ਼ਿਪ ਤਗ਼ਮਾ ਜੇਤੂ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਵਫ਼ਾਦਾਰ ਸੰਜੈ ਸਿੰਘ ਦੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਚੋਣ ਦਾ ਵਿਰੋਧ ਕਰਦਿਆਂ ਆਪਣਾ ਖੇਲ ਰਤਨ ਤੇ ਅਰਜੁਨ ਐਵਾਰਡ ਸਰਕਾਰ ਨੂੰ ਮੋੜ ਦਿੱਤਾ ਹੈ। ਵਿਨੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਰੋਸ ਜਤਾਇਆ ਹੈ। ਇਸ ਤੋਂ ਪਹਿਲਾਂ ਓਲੰਪਿਕ ਤਗ਼ਮਾ ਜੇਤੂ ਬਜਰੰਗ ਪੂਨੀਆ ਤੇ ਡੈੱਫਲੰਪਿਕਸ ਚੈਂਪੀਅਨ ਵੀਰੇਂਦਰ ਸਿੰਘ ਯਾਦਵ ਨੇ ਵੀ ਪਿਛਲੇ ਦਿਨੀਂ ਆਪਣੇ ਪਦਮ ਸ੍ਰੀ ਐਵਾਰਡ ਵਾਪਸ ਕੀਤੇ ਸਨ।



## ਤੁਰਕੀ ਦੀ ਰੁਮੇਸਾ ਗੇਲਗੀ 7 ਫੁੱਟ 0.7 ਇੰਚ ਦੇ ਕੱਦ ਵਾਲੀ ਦੁਨੀਆਂ ਦੀ ਸਭ ਤੋਂ ਲੰਬੀ ਔਰਤ ਬਣੀ

ਇੰਸਤਬੋਲ: ਤੁਰਕੀ ਦੀ ਰੁਮੇਸਾ ਗੇਲਗੀ ਦੁਨੀਆਂ ਦੀ ਸਭ ਤੋਂ ਲੰਬੀ ਔਰਤ ਬਣ ਗਈ ਹੈ। ਉਸਦਾ ਕੱਦ 215.16 ਸੈਂਟੀਮੀਟਰ ਯਾਨੀ 7 ਫੁੱਟ 0.7 ਇੰਚ ਹੈ। ਰੁਮੇਸਾ ਦਾ ਨਾਮ ਉਚਾਈ ਦੇ ਸਬੰਧ ਵਿੱਚ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਦਰਜ ਹੈ। ਰੁਮੇਸਾ ਵੀਵਰ ਸਿੰਡਰੋਮ ਤੋਂ ਪੀੜਤ ਹੈ। ਇਸੇ ਕਰਕੇ ਉਨ੍ਹਾਂ ਦੀਆਂ ਹੱਡੀਆਂ ਇੰਨੀ ਤੇਜ਼ੀ ਨਾਲ ਵਧੀਆਂ ਹਨ।


FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Plus
Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED

5.29 %*

QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC



HIGH CLASS FOOD & CATERING

An Authentic Indian Catering, All Over BC

*We do catering for all events:*
- Gurdwara • Mandir
- Weddings • All Parties
- Tandoor Services

ਅਸੀਂ ਆਨ ਸਾਈਟ ਕੇਟਰਿੰਗ ਕਰਦੇ ਹਾਂ
ਘਰ ਵਿਚ ਕਿਸੇ ਵੀ ਤਰ੍ਹਾਂ ਦੀ ਪਾਰਟੀ ਲਈ
ਸਾਡਾ ਟਰੱਕ ਤੁਹਾਡੇ ਘਰੇ ਆ ਕੇ ਕੇਟਰਿੰਗ ਕਰੇਗਾ



ਹਰ ਪ੍ਰਕਾਰ ਦੀ ਮਠਿਆਈ, ਵੈਜੀ/ਨਾਨ ਵੈਜੀ ਖਾਣੇ, ਆਲੂ/ਮੂਲੀ/ਗੋਭੀ ਦੇ ਸਵਾਦਲੇ ਪਰਾਂਠੇ ਲਉ

For Onsite Catering Enquiries Contact: BALBIR:604-592-2230

#10-8247-124St, Surrey BC

# ਸਿੱਖ ਕੌਮ ਲਈ ਸੋਚਣ ਦਾ ਸਮਾਂ

ਹੁਣ ਪਿਛਲੇ ਦਿਨੀਂ ਜਦ ਹਰਸਿਮਰਤ ਬਾਦਲ ਨੇ ਲੋਕ ਸਭਾ ਚ ਭਾਈ ਬਲਵੰਤ ਸਿੰਘ ਰਾਜੋਆਣਾ ਜੀ ਬਾਰੇ ਮਸਲਾ ਚੁੱਕਿਆ ਤਾਂ ਅਮਿਤ ਸ਼ਾਹ ਦਾ ਜੁਆਬ ਐ ਕਿ 'ਜੀਹਨੂੰ ਗਲਤੀ ਦਾ ਅਹਿਸਾਸ ਨਹੀਂ ਉਹਨੂੰ ਮੁਆਫੀ ਕਾਹਦੀ। ਸਿੱਖ ਕੌਮ ਲਈ ਾਰ ਇਹ ਸੋਚਣ ਵਿਚਾਰਨ ਤੋਂ ਘੋਖਣ ਦਾ ਵਿਸ਼ਾ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਸਮੇਂ ਇਸ ਜਮਾਤ ਨੇ ਇੰਦਰਾ ਦੀ ਪਿੱਠ ਥਾਪੜੀ ਸੀ ਅਤੇ ਅਗਸਤ 1984 ਚ ਪੰਜਾਬ ਆ ਕੇ ਬਿਆਨ ਦਾਗਿਆ ਸੀ ਕਿ ਹੁਣ ਕੇਂਦਰ ਸਰਕਾਰ ਨੂੰ ਚਾਹੀਦਾ ਸ਼੍ਰੋਮਣੀ ਕਮੇਟੀ ਭੰਗ ਕਰਕੇ ਇਕ ਟਰੱਸਟ ਬਣਾਵੇ ਜਿਸ ਦਾ ਪ੍ਰਬੰਧ ਸਿੱਧਾ ਆਪਣੇ ਅਧੀਨ ਰੱਖੇ ਇਸ ਤੋਂ ਅੰਦਾਜ਼ਾ ਲਾਓ ਕਿ ਇਹਨਾਂ ਦੀ ਅਸਲ ਮਾਨਸਿਕਤਾ ਕੀ ਸੀ! ਪਿੱਛੇ ਜਿਹੇ ਇਕ ਭਾਜਪਾ ਲੀਡਰ ਨੇ ਸਾਡੇ ਗੁਰੂ ਘਰਾਂ ਨੂੰ ਨਾਸੂਰ ਕਿਹਾ ਪਰ ਕੀ ਅਮਿਤ ਸ਼ਾਹ ਜਾਂ ਮੋਦੀ ਬੋਲੇ ? ਨਹੀਂ! ਪਰ ਜਿਹੜਾ ਮਸਲਾ ਹਰਸਿਮਰਤ ਬਾਦਲ ਹੁਣ ਉਠਾ ਰਹੀ ਐ ਉਹ ਰਾਜਭਾਗ ਚ ਹੁੰਦਿਆਂ ਭਾਈਵਾਲੀ ਸਮੇਂ ਕਿਉਂ ਯਾਦ ਨਾ ਆਇਆ ? ਜਦੋਂ ਕੁਰਸੀ ਤੇ ਰਾਜਭਾਗ ਕੋਲ ਸੀ ਉਦੋਂ ਵੱਡਾ ਬਾਦਲ,ਸੁਖਬੀਰ ਤੇ ਹਰਸਿਮਰਤ ਚੁੱਪ ਰਹੇ। ਹੁਣ ਜਨਤਾ ਨੇ ਖੋਹ ਲਿਆ ਹੈ ਇਸ ਕਰਕੇ ਹੁਣ ਪੰਥ ਤੇ ਪੰਜਾਬ ਯਾਦ ਆ ਰਹੇ ਹਨ ਪਰ ਜਦ ਹੁਣ ਸੁਖਬੀਰ ਜਾਂ ਹਰਸਿਮਰਤ ਬਾਦਲ ਪੰਜਾਬ ਬਾਰੇ ਬੰਦੀ ਸਿੰਘਾਂ ਬਾਰੇ ਮਸਲਾ ਚੁੱਕਦੇ ਹਨ ਤਾਂ ਵੇਖ ਕੇ ਸ਼ਰਮ ਆਉਂਦੀ ਹੈ। ਪਰ ਇਹ ਪਤਾ ਨਹੀਂ ਅੱਤ ਦੇ ਢੀਠ ਕਿਹੜੀ ਮਿੱਟੀ ਦੇ ਹਨ ਜਿਸ ਦਿਨ ਪ੍ਰਕਾਸ਼ ਬਾਦਲ ਦੀ ਅੰਤਿਮ ਅਰਦਾਸ ਸੀ ਉਸ ਦਿਨ ਅਮਿਤ ਸ਼ਾਹ ਹਾਜਰ ਸਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਚ ਪਧਾਨ ਸ਼੍ਰੋਮਣੀ ਕਮੇਟੀ ਹਰਜਿੰਦਰ ਧਾਮੀ ਨੇ ਆਪਣੇ ਭਾਸ਼ਣ ਚ ਸਾਹਮਣੇ ਬੈਠੇ ਅਮਿਤ ਸ਼ਾਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਕਾਸ਼ ਬਾਦਲ ਦੀ ਇੱਛਾ ਸੀ ਕਿ ਮੇਰੇ ਜਿਊਂਦੇ ਜੀਅ ਬੰਦੀ ਸਿੰਘਾਂ ਦੀ ਰਿਹਾਈ ਲਈ ਰਾਹ ਪੱਧਰਾ ਹੋ ਜਾਵੇ। ਹੱਦ ਐ ਧਾਮੀ ਜੀ ਕੀ ਪੰਥ ਨਹੀਂ ਜਾਣਦਾ ਕਿ ਬਾਦਲ ਕਿੰਨਾ ਕੁ ਚਾਹੁੰਦਾ ਸੀ ਬੰਦੀ ਸਿੰਘਾਂ ਦੀ ਰਿਹਾਈ ਨੂੰ?ਜਦਕਿ ਬੰਦੀ ਸਿੰਘਾਂ ਦੀ ਰਿਹਾਈ ਚ ਦੇਰੀਂ ਲਈ ਹਕੂਮਤਾਂ ਜਿੰਨੇ ਹੀ ਕਸੂਰਵਾਰ ਬਾਦਲ ਹਨ ਪਰ ਦੁੱਖ ਹੁੰਦਾ ਜਦ ਸਿੱਖਾਂ ਦੀ ਸਿਰਮੌਰ ਸੰਸਥਾ ਦਾ ਪ੍ਰਧਾਨ ਪਰਿਵਾਰਵਾਦੀ ਸੋਚ ਦਾ ਏਨਾ ਗੁਲਾਮ ਹੋ ਵਿਚਰੇ ਤੇ ਇੰਜ ਕਹੇ ਬਾਦਲ ਹੁਣ ਚਾਹੇ ਚੀਖ ਚੀਖ ਕੇ ਕਹੇ ਪਰ ਪੰਥ ਨਹੀਂ ਮੰਨੇਗਾ ਕਿਉਂਕਿ ਤੁਸੀਂ ਬੰਦੀ ਸਿੰਘਾਂ ਦੀ ਰਿਹਾਈ ਉਦੋਂ ਚਾਹੁੰਦੇ ਸੀ ਤੇ ਨਾ ਹੀ ਅੱਜ ਚਾਹੁੰਦੇ ਹੋ, ਜੋ ਕਰਦੇ ਹੋ ਇਹ ਸਾਰਾ ਕੁਝ ਰਾਜਭਾਗ ਦੀ ਲਾਲਸਾ ਲਈ ਹੀ ਹੈ।

ਅਮਿਤ ਸ਼ਾਹ ਦਾ ਇਹ ਕਹਿਣਾ ਕਿ ਜੀਹਨੂੰ ਗਲਤੀ ਦਾ ਅਹਿਸਾਸ ਨਹੀਂ ਉਹਨੂੰ ਮੁਆਫੀ ਕਾਹਦੀ।" ਇਸ ਤੋਂ ਹਕੂਮਤ ਦੀ ਮਾਨਸਿਕਤਾ ਦੀ ਸਮਝ ਸੁਖਾਲੀ ਹੀ ਆਉਦੀ ਹੈ ਭਾਜਪਾ 'ਚ ਬੈਠੇ ਸਿਰਾਂ ਤੇ ਦਸਤਾਰਾ ਸਿਜਾ ਕੇ ਦਿਸਦੇ ਸਿੱਖ ਭਾਜਪਾਈ ਲੀਡਰ ਅਮਿਤ ਸ਼ਾਹ ਦੇ ਇਸ ਬਿਆਨ ਤੋਂ ਕੋਈ ਸਬਕ ਲਓਗੇ ਜਾਂ ਨਹੀਂ ? ਸਿੱਖ ਕੌਮ ਦੇ ਉਹ ਸਾਰੇ ਜਿੰਦਾ ਸ਼ਹੀਦ ਹਨ ਜਿਹੜੇ ਲੰਮੇ ਸਮੇਂ ਤੋਂ ਜੇਲ੍ਹਾਂ ਚ ਡੱਕੇ ਬੈਠੇ ਹਨ ਇਹਨਾਂ ਨੇ ਜੋ ਵੀ ਕਰਿਆ ਉਹ ਕੌਮ ਲਈ ਪੰਥ ਲਈ ਅਤੇ ਕੌਮ ਦੀ ਜਨਮਭੂਮੀ ਪੰਜਾਬ ਲਈ ਕਰਿਆ ਹੈ ਜਿਹੜੇ ਕੌਮ ਪ੍ਰਸਤ ਬਣ ਕੇ ਕੌਮੀ ਸੇਵਾ ਕਰਿਆ ਕਰਦੇ ਹਨ ਉਹ ਗਲਤੀ ਕਰਦੇ ਹੀ ਹੀਂ।ਗ਼ਲਤੀਆਂ ਦਾ ਅਹਿਸਾਸ ਹਕੂਮਤਾਂ ਨੂੰ ਕਰਨਾ ਚਾਹੀਦਾ ਜਦ ਇਹ ਬੰਦੀ ਸਿੰਘ ਜਿੰਨੀਆਂ ਕੋਰਟਾਂ ਨੇ ਸਜਾਵਾਂ ਕਰੀਆਂ ਉਹ ਪੂਰੀਆਂ ਕਰ ਚੁੱਕੇ ਹਨ ਤਾਂ ਵੀ ਰਿਹਾਅ ਨਹੀਂ ਕੀਤੇ ਗਏ ਤੇ ਉਹ ਸ਼ਾਂਤਮਈ ਫਿਰ ਅੰਦਰ ਬੈਠੇ ਹਨ ਤਾਂ ਇਹ ਗਲਤੀ ਹਕੂਮਤਾਂ ਦੀ ਹੈ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਾਂ ਘਾਣ ਕਹਿ ਸਕਦੇ ਹਾਂ।ਗਲਤੀ ਦਾ ਅਹਿਸਾਸ ਹਕੂਮਤ ਨੂੰ ਕਰਨਾ ਬਣਦਾ ਸੀ।

ਭਾਜਪਾ ਵਾਲਿਓ ਤੁਸੀਂ ਆਖਦੇ ਸੀ ਕਿ ਅਸੀਂ ਕਾਂਗਰਸ ਵਿਰੋਧੀ ਹਾਂ, ਨਹਿਰੂ ਪਰਿਵਾਰ ਦੇ ਵਿਰੋਧੀ ਹਾਂ ਤਾਂ ਤੁਸੀਂ ਅਹਿਸਾਸ ਕਰੋ ਕਿ ਕਿਉਂ ਨਹਿਰੂ ਦੇ ਸਮੇਂ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਕਰਾਰ ਦਿੱਤਾ ਗਿਆ।ਤੁਸੀਂ ਅਹਿਸਾਸ ਕਰੋ ਕਿ ਸਾਡਾ ਵੱਢਿਆ ਕੱਟਿਆ ਪੰਜਾਬ ਮੁੜ ਇਕੱਠਾ ਕਰਕੇ ਮਹਾਂਪੰਜਾਬ ਬਣਾ ਕੇ ਸਾਨੂੰ ਵਾਪਸ ਕਰ ਦਿਓ।ਜੇ ਤੁਸੀਂ ਧੁਰ ਅੰਦਰੋਂ ਅਹਿਸਾਸ ਕਰਦੇ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਅਤੇ ਸਿੱਖ ਨਸਲਕੁਸ਼ੀ ਕਾਂਗਰਸੀ ਹਕੂਮਤ ਦੀਆਂ ਬੱਜਰ ਗਲਤੀਆਂ ਸਨ ਤਾਂ ਬੰਦੀ ਸਿੰਘਾਂ ਦੀ ਰਿਹਾਈ ਹੁਣ ਨੂੰ ਕਦੋਂ ਦੀ ਕਰਨੀ ਬਣਦੀ ਸੀ।ਪੰਜਾਬ ਦੇ ਪਾਣੀਆਂ ਦਾ ਮੁਆਵਜਾ ਅੰਗਰੇਜ ਦਿਆ ਕਰਦਾ ਸੀ ਪਰ ਕਾਂਗਰਸ ਨੇ ਬੰਦ ਕਰਿਆ ਪਰ ਤੁਸੀਂ ਵੀ ਬੰਦ ਕਰ ਰੱਖਿਆ ਹੈ। ਕੀ ਅੰਤਰ ਹੈਂ ਸਿੱਖਾਂ ਪ੍ਰੀ ਤੁਹਾਡੇ ਤੇ ਕਾਂਗਰਸੀ ਹਕੂਮਤ ਚ ? ਕੋਈ ਵੀ ਨਹੀਂ। ਸਿੱਖ ਹਿਰਦੇ ਜਾਗਦੀਆਂ ਜਮੀਰਾਂ ਵਾਲੇ ਸਿੱਖ ਉਸ ਸਮੇਂ ਵੀ ਸਮਝਦੇ ਸਨ ਕਿ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਸਮੇਂ, ਸਿੱਖ ਨਸਲਕੁਸ਼ੀ ਸਮੇਂ ਕਾਂਗਰਸ ਤੇ ਭਾਜਪਾ ਆਰ ਐਸ ਐਸ ਦੀ ਅਗਵਾਈ ਚ ਇਕਜੁੱਟ ਇਕਸੁਰ ਸਨ ਤੇ ਅੱਜ ਵੀ ਹਨ ਪਰ ਸਾਡੇ ਤੇ ਲਾਗੂ ਹੁੰਦਾ ਕਿ ਜੋ ਸਿੱਖ ਨਾ ਸਿੱਖ ਨੂੰ ਮਾਰੇ ਤਾਂ ਕੌਮ ਕਦੇ ਨਾ ਹਾਰੇ।

ਪੰਜਾਬ ਚ ਵਸਦੇ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ ਮੋਰਚੇ ਦੀ ਸਟੇਜ ਤੋਂ ਸਮੁੱਚੀਆਂ ਪੰਥਕ ਜਥੇਬੰਦੀਆਂ, ਕੌਮ ਪ੍ਰਸਤ, ਕੌਮ ਦਰਦੀ, ਸਿੱਖ ਚਿੰਤਕ ਤੇ ਬੁੱਧੀਜੀਵੀ ਸਾਰੇ ਇਕਜੁੱਟ ਇਕਸੁਰ ਹੋ ਕੇ ਚੱਲਣ ਦਾ ਐਲਾਨ ਕਰਨਾ ਸਮੇਂ ਦੀ ਸਖਤ ਜਰੂਰਤ ਹੈ ਜੀ ਕਿਉਂਕਿ ਹਕੂਮਤਾਂ ਨੇ ਨਾ ਸਿੱਖਾਂ ਦਾ ਸਾਥ ਦਿੱਤਾ ਨਾ ਸੀ ਦੇਣਾ ਜੀ ਬੰਦੀ ਸਿੰਘਾਂ ਦੀ ਰਿਹਾਈ ਲਈ ਕਿਉਂ ਬਾਦਲ' ਰਾਜਭਾਗ ਸਮੇਂ ਤੁਹਾਡੇ ਬੰਦੀ ਸਿੰਘ ਯਾਦ ਨਾ ਆਏ? ਇਸੇ ਕਰਕੇ ਮੁਆਫੀ ਮੰਗਣ ਦੇ ਨਾਟਕ ਕਰਦੇ ਹੋ ਪਰ ਕਿਹੜੇ ਕਿਹੜੇ ਗੁਨਾਹਾਂ ਦੀ ਮੁਆਫੀ ਮੰਗਦੇ ਹੋ ? ਪਕਾਸ਼ ਬਾਦਲ ਨੇ ਭਾਜਪਾ ਨੂੰ ਬਿਨਾਂ ਸ਼ਰਤ ਹਿਮਾਇਤ ਦੇਈ ਰੱਖੀ ਪਰ ਹੁਣ ਅੱਖਾਂ ਖੋਲ ਕੇ ਵੇਖੋ ਬਾਦਲੋਂ ਇਹ ਉਹੀ ਭਾਜਪਾ ਵਾਲੇ ਕੀ ਕੌਮ ਦੇ ਅਣਖੀ ਸੂਰਮੇ ਜਰਨੈਲਾਂ ਯੋਧਿਆਂ ਨੂੰ ਗਲਤੀ ਦਾ ਅਹਿਸਾਸ ਕਰਵਾਉਣ ਦੀ ਜੁਰੱਅਤ ਕਰ ਰਹੇ ਹਨ ਕੀ ਤੁਸੀਂ ਹੁਣ ਵੀ ਜੁਰੱਅਤ ਵਿਖਾਓਗੇ ਜਾਂ ਲੇਲੜੀਆਂ ਹੀ ਕੱਢੋਂਗੇ ? ਇਹ ਤੁਹਾਡੀ ਕਰਨੀ ਦਾ ਫਲ ਤੁਹਾਨੂੰ ਮਿਲ ਰਿਹਾ ਅੱਜ ਕੌਮ ਤੁਹਾਨੂੰ ਵਿਸਾਰ ਚੁੱਕੀ ਐ ਪਰ ਕੌਮ ਬੰਦੀ ਸਿੰਘਾਂ ਦੀ ਰਿਹਾਈ ਲਈ ਤੱਤਪਰ ਐ ਪਰ ਤੁਹਾਡੀਆਂ ਕੜੀਆਂ ਗਲਤੀਆਂ ਦਾ ਖਮਿਆਜ਼ਾ ਕੌਮ ਨੂੰ ਵੀ ਭੁਗਤਣਾ ਪੈ ਰਿਹਾ ,ਇਹਦਾ ਅਫਸੋਸ ਜਰੂਰ ਹੁੰਦਾ ।ਪਰ ਸਾਡੇ ਕੌਮ ਦੇ ਜਿੰਦਾ ਸ਼ਹੀਦਾਂ ਨੇ ਹਕੂਮਤਾਂ ਦੀ ਈਨ ਨਹੀਂ ਮੰਨੀ ਅਣਖ ਨਾਲ ਮਾੜਾ ਸਮਾਂ ਵੀ ਝੱਲਿਆ ਕੋਈ ਗਲਤੀ ਨਹੀਂ ਕਰੀ ਹਰ ਜਾਗਦੀ ਜਮੀਰ ਵਾਲੇ ਸਿੱਖ ਹਿਰਦੇ ਨੂੰ ਫਖਰ ਮਾਣ ਐ ਬੰਦੀ ਸਿੰਘਾਂ ਤੇ ।

ਹੁਣ ਦਿੱਲੀ ਹਕੂਮਤ ਸਾਡੇ ' ਉਹਨਾਂ ਸਿੰਘ ਸੂਰਮਿਆਂ ਨੂੰ ਗਲਤੀ ਦਾ ਅਹਿਸਾਸ ਕਰਵਾਏਗੀ ਜਦਕਿ ਗਲਤੀ ਹੈ ਹੀ ਨਹੀਂ।ਜਦਕਿ ਉਹਨਾਂ ਨੇ ਤਾਂ ਕੌਮ ਦੀ ਲਾਹੀ ਪੱਗ,ਜਾਨਾ ਤੇ ਖੇਡ ਕੇ ਸਿਰ ਤੇ ਰੱਖੀ ਐ ।

ਜਿਹੜੇ ਹੁਣ ਸਾਡੇ ਅਣਖੀ ਸਿੰਘਾਂ ਨੂੰ ਬਿਨਾਂ ਗਲਤੀ ਤੋਂ ਗਲਤੀ ਦਾ ਅਹਿਸਾਸ ਕਰਾਉਣ ਬਾਰੇ ਸੋਚਦੇ ਹਨ ਸੋ ਹੁਣ ਸਮੁੱਚੇ ਸਿੱਖ ਜਗਤ ਨੂੰ ਇਕ ਨਿਸ਼ਾਨ ਸਾਹਿਬ ਥੱਲੇ ਸਿਰ ਜੋੜ ਕੇ ਬੈਠਣ, ਵਿਚਾਰਨ ਅਤੇ ਇਕਸੁਰ ਹੋ ਤੁਰਨ ਦੀ ਸਖਤ ਜਰੂਰਤ ਹੈ ਜੀ।ਇਹੀ ਐ ਆਸ ਤੇ ਇਹੀ ਐ ਵਿਸ਼ਵਾਸ਼ ।

– ਤੇਜਵੰਤ ਸਿੰਘ ਭੰਡਾਲ 98152 67963

## ਮਨਜੀਤ ਸਿੰਘ ਜੀਕੇ ਦੀ ਅਕਾਲੀ ਦਲ 'ਚ ਵਾਪਸੀ

### ਸੁਖਬੀਰ ਬਾਦਲ ਨੇ ਕੀਤਾ ਸਵਾਗਤ



ਨਵੀਂ ਦਿੱਲੀ (ਯੂ. ਐਨ. ਆਈ.)–ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਜਾਗੋ ਪਾਰਟੀ ਦੇ ਸਰਪ੍ਰਸਤ ਮਨਜੀਤ ਸਿੰਘ ਜੀਕੇ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਵਾਪਸੀ ਹੋ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ।

ਇਸ ਮੌਕੇ ਉਨ੍ਹਾਂ ਸਮੇਤ ਦਿੱਲੀ ਕਮੇਟੀ ਦੇ ਕਈ ਸੀਨੀਅਰ ਆਗੂਆਂ ਨੇ ਵੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ। ਦੱਸ ਦੇਈਏ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੇ ਸੀਨੀਅਰ ਆਗੂ ਐਤਵਾਰ ਨੂੰ ਹੀ ਦਿੱਲੀ ਪਹੁੰਚ ਗਏ ਸਨ। ਅਕਾਲੀ ਦਲ ਵਿੱਚ ਵਾਪਸੀ ਤੋਂ ਪਹਿਲਾਂ ਜੀਕੇ ਨੇ ਵਾਪਸੀ ਨੂੰ ਲੈ ਕੇ ਕਿਹਾ ਸੀ ਕਿ ਉਹ ਅੱਜ ਆਪਣੀ ਪਾਰਟੀ ਦਾ ਢਾਂਚਾ ਭੰਗ ਕਰ ਰਹੇ ਹਨ।

ਉਨ੍ਹਾਂ ਕਿਹਾ ਸੀ ਕਿ ਦੇਸ਼ ਭਰ ਵਿੱਚ ਹਲਾਤ ਅਜਿਹੇ ਬਣ ਚੁੱਕੇ ਹਨ ਕਿ ਸਮੇਂ ਦੀਆਂ ਸਰਕਾਰਾਂ ਸਾਡੀ ਗੱਲ ਸੁਣ ਨਹੀਂ ਰਹੀਆਂ, ਜਿਸ ਦੇ ਮੱਦੇਨਜ਼ਰ ਸਾਰੀਆਂ ਪੰਥ ਧਿਰਾਂ ਨੂੰ ਇੱਕਜੁਟ ਹੋਣ ਦੀ ਲੋੜ ਹੈ। ਇਸ ਦੇ ਮੱਜੇਨਜ਼ਰ ਮੈਂ ਅਕਾਲੀ ਦਲ ਵਿੱਚ ਮੁੜ ਘਰ ਵਾਪਸੀ ਦਾ ਫੈਸਲਾ ਲਿਆ ਹੈ।

ਜ਼ਿਕਰਯੋਗ ਹੈ ਕਿ ਸਾਲ 2019 ਵਿੱਚ ਮਨਜੀਤ ਸਿੰਘ ਜੀ.ਕੇ ਨੂੰ ਭ੍ਰਿਸ਼ਟਾਚਾਰ ਦੇ ਸੰਗੀਨ ਇਲਜ਼ਾਮਾਂ 'ਚ ਘਿਰੇ ਹੋਣ ਦੇ ਚਲਦੇ ਅਕਾਲੀ ਦਲ ਨੇ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਸੀ, ਜਿਸ ਮਗਰੋਂ ਉਨ੍ਹਾਂ ਨੇ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਵੀ ਅਸਤੀਫ਼ਾ ਦੇ ਦਿੱਤਾ ਸੀ। ਉਪਰੰਤ ਉਨ੍ਹਾਂ ਨੇ ਆਪਣੀ ਨਵੀਂ ਪਾਰਟੀ ਦਾ ਐਲਾਨ ਕੀਤਾ ਗਿਆ ਹੈ, ਜਿਸ ਦਾ ਨਾਂ 'ਜਾਗੋ' ਰੱਖਿਆ ਸੀ।




## ਲੋਕਤੰਤਰ ਦੀ ਜੜ੍ਹ ’ਤੇ ਵਾਰ

# ਕੀ ਚੋਣ ਕਮਿਸ਼ਨ ਵੀ ਮੋਦੀ ਦਾ ਆਪਣਾ ਹੋਵੇਗਾ?

ਲੋਕਤੰਤਰ ਦੀ ਬੁਨਿਆਦ ਨਿਰਪੱਖ ਚੋਣਾਂ ਹੁੰਦੀਆਂ ਹਨ। ਚੋਣਾਂ ਨਿਰਪੱਖ ਹੋਣ, ਉਸ ਲਈ ਨਿਰਪੱਖ ਚੋਣ ਕਮਿਸ਼ਨ ਦਾ ਹੋਣਾ ਮੁਢਲੀ ਸ਼ਰਤ ਹੈ। ਇਸ ਸਮੇਂ ਭਾਰਤ ਉਸ ਮੋੜ ’ਤੇ ਪਹੁੰਚ ਚੁੱਕਾ ਹੈ, ਜਿੱਥੇ ਪਹੁੰਚ ਕੇ ਨਿਰਪੱਖ ਚੋਣਾਂ ਦੀ ਉਮੀਦ ਖ਼ਤਮ ਹੁੰਦੀ ਮਹਿਸੂਸ ਹੋ ਰਹੀ ਹੈ।

ਸੰਸਦ ਵਿੱਚੋਂ ਸਮੁੱਚੀ ਵਿਰੋਧੀ ਧਿਰ ਨੂੰ ਬਾਹਰ ਕਰਕੇ ਸੱਤਾਧਾਰੀ ਧਿਰ ਨੇ ਨਵਾਂ ਚੋਣ ਕਮਿਸ਼ਨ ਕਾਇਮ ਕਰਨ ਲਈ ਅਜਿਹਾ ਬਿੱਲ ਪਾਸ ਕਰਵਾ ਲਿਆ ਹੈ, ਜਿਸ ਨਾਲ ਚੋਣ ਕਮਿਸ਼ਨ ਸੱਤਾਧਾਰੀਆਂ ਦਾ ਹੱਥਠੋਕਾ ਬਣ ਕੇ ਰਹਿ ਜਾਵੇਗਾ। ਇਸ ਬਿੱਲ ਵਿੱਚ ਇਹ ਮੱਦ ਸ਼ਾਮਲ ਕੀਤੀ ਗਈ ਹੈ ਕਿ ਮੁੱਖ ਚੋਣ ਕਮਿਸ਼ਨਰ ਤੇ ਦੂਜੇ ਚੋਣ ਕਮਿਸ਼ਨਰਾਂ ਨੂੰ ਇੱਕ ਕਮੇਟੀ ਨਾਮਜ਼ਦ ਕਰੇਗੀ, ਜਿਸ ਦੇ ਮੈਂਬਰ ਪ੍ਰਧਾਨ ਮੰਤਰੀ, ਪ੍ਰਧਾਨ ਮੰਤਰੀ ਵੱਲੋਂ ਤੈਅ ਕੀਤਾ ਗਿਆ ਕੇਂਦਰੀ ਮੰਤਰੀ ਤੇ ਵਿਰੋਧੀ ਧਿਰ ਦਾ ਆਗੂ ਹੋਣਗੇ। ਸਪੱਸ਼ਟ ਹੈ ਕਿ ਇਸ ਕਮੇਟੀ ਵਿੱਚ ਕੇਂਦਰ ਸਰਕਾਰ ਦਾ ਬਹੁਮਤ ਹੋਵੇਗਾ ਤੇ ਉਹ ਆਪਣੀ ਮਰਜ਼ੀ ਦਾ ਚੋਣ ਕਮਿਸ਼ਨ ਬਣਾ ਸਕੇਗੀ। ਇਸ ਤੋਂ ਬਾਅਦ ਚੋਣ ਕਮਿਸ਼ਨ ਤੋਂ ਨਿਰਪੱਖ ਚੋਣਾਂ ਦੀ ਆਸ ਰੱਖਣਾ ਖਾਮਖਿਆਲੀ ਹੋਵੇਗੀ। ਇਸ ਲਈ ਅਜਿਹੇ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਾਈਆਂ ਗਈਆਂ ਚੋਣਾਂ ਲੋਕਤੰਤਰਿਕ ਵਿਵਸਥਾ ਨੂੰ ਬੇਭਰੋਸਗੀ ਤੇ ਹਨੇਰੇ ਦੌਰ ਵਿੱਚ ਧੱਕ ਦੇਣਗੀਆਂ।

ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਮਾਰਚ 2023 ਵਿੱਚ ਸੁਪਰੀਮ ਕੋਰਟ ਨੇ ਮੁੱਖ ਚੋਣ ਕਮਿਸ਼ਨਰ ਚੁਣਨ ਲਈ ਬਣਾਈ ਗਈ ਕਮੇਟੀ ਵਿੱਚ ਪ੍ਰਧਾਨ ਮੰਤਰੀ, ਚੀਫ਼ ਜਸਟਿਸ ਤੇ ਵਿਰੋਧੀ ਧਿਰ ਦੇ ਆਗੂ ਨੂੰ ਸ਼ਾਮਲ ਕੀਤਾ ਸੀ। ਇਹ ਕਮੇਟੀ ਅਜਿਹੀ ਸੀ, ਜਿਸ ਉੱਤੇ ਨਾ ਸੱਤਾਧਾਰੀਆਂ ਦਾ ਦਬਦਬਾ ਸੀ ਤੇ ਨਾ ਹੀ ਵਿਰੋਧੀ ਧਿਰ ਦਾ, ਪ੍ਰੰਤੂ ਮੌਜੂਦਾ ਸਰਕਾਰ ਨੂੰ ਤਾਂ ਅਜਿਹਾ ਚੋਣ ਕਮਿਸ਼ਨ ਚਾਹੀਦਾ ਸੀ, ਜੋ ਉਸ ਦੀ ਕਠਪੁੱਤਲੀ ਹੋਵੇ।

ਚੋਣ ਕਮਿਸ਼ਨ ਲਈ ਸਰਕਾਰ ਜੋ ਤਰੀਕਾ ਅਪਣਾ ਰਹੀ ਹੈ, ਸੰਵਿਧਾਨ ਨਿਰਮਾਤਾ ਸ਼ੁਰੂ ਤੋਂ ਹੀ ਇਸ ਬਾਰੇ ਸ਼ੱਕੀ ਸਨ।

ਜੂਨ 1949 ਵਿੱਚ ਸੰਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਡਾ. ਅੰਬੇਡਕਰ ਨੇ ਚੋਣ ਕਮਿਸ਼ਨ ਤੇ ਸਰਕਾਰ ਵਿਚਕਾਰ ਫਾਸਲਾ ਰੱਖਣ ਬਾਰੇ ਇਸ ਨੂੰ ਸਰਕਾਰ ਤੋਂ ਮੁਕਤ ਰੱਖਣ ਦੀ ਅਪੀਲ ਕੀਤੀ ਸੀ। ਉਨ੍ਹਾ ਕਿਹਾ ਸੀ ਕਿ ਚੋਣਾਂ ਦੀ ਸ਼ੁੱਧਤਾ ਤੇ ਅਜ਼ਾਦੀ ਦੇ ਹਿੱਤ ਵਿੱਚ ਇਹ ਮਹੱਤਵਪੂਰਨ ਹੈ ਕਿ ਚੋਣ ਕਮਿਸ਼ਨ ਨੂੰ ਕਾਰਜਪਾਲਿਕਾ ਦੀ ਦਖ਼ਲਅੰਦਾਜ਼ੀ ਤੋਂ ਮੁਕਤ ਰੱਖਿਆ ਜਾਵੇ। ਅੰਬੇਡਕਰ ਦਾ ਸਪੱਸ਼ਟ ਸੁਨੇਹਾ ਸੀ ਕਿ ਨਾ ਨਿਯੁਕਤੀ, ਨਾ ਹਟਾਉਣ ਤੇ ਨਾ ਹੀ ਸੇਵਾ ਸ਼ਰਤਾਂ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਕਿਸੇ ਵੀ ਸਮੇਂ ਦੀ ਸਰਕਾਰ ਦੇ ਅਧੀਨ ਕੰਮ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਬੋਲਦਿਆ ਅੱਗੇ ਕਿਹਾ ਸੀ, ‘ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਸਰਕਾਰੀ ਤੇ ਸੱਤਾਧਾਰੀ ਪੱਖ ਦੇ ਦੁਰਉਪਯੋਗ ਤੋਂ ਬਚਣ ਲਈ ਚੋਣਾਂ ਦੀ ਸੁਤੰਤਰਤਾ ਨੂੰ ਇੱਕ ਮੂਲ ਅਧਿਕਾਰ ਸਮਝਣਾ ਚਾਹੀਦਾ ਹੈ।’

ਲੋਕਤੰਤਰ ਦੀ ਰੀੜ੍ਹ ਦੀ ਹੱਡੀ ਤੋੜਣ ਤੇ ਵਿਰੋਧ ਦੀ ਅਵਾਜ਼ ਨੂੰ ਕੁਚਲਣ ਵਾਲਾ ਇਹ ਬਿੱਲ ਲੋਕ ਸਭਾ ਵਿੱਚ ਪਾਸ ਹੋ ਚੁੱਕਾ ਹੈ। ਰਾਸ਼ਟਰਪਤੀ ਦੇ ਦਸਤਖ਼ਤਾਂ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰੋਹਿੰਟਨ ਨਾਰੀਮਨ ਨੇ ਇਸ ਬਿੱਲ ਦੇ ਪਾਸ ਹੋਣ ਉੱਤੇ ਕਿਹਾ ਹੈ, ‘ਜੇਕਰ ਸੁਪਰੀਮ ਕੋਰਟ ਇਸ ਨੂੰ ਰੱਦ ਨਹੀਂ ਕਰਦੀ ਤਾਂ ਇਹ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹੋਵੇਗਾ।’-ਨਵਾਂ ਜ਼ਮਾਨਾ

# 25 ਸਾਲਾਂ ਤੋਂ ਇਕ ਦੂਜੇ ਨੂੰ ਗਾਲ੍ਹਾਂ ਕੱਢਣ ਵਾਲੇ ਅੱਜ ਨਿੱਜੀ ਮੁਫਾਦਾਂ ਵਾਸਤੇ ਇਕਜੁੱਟ ਹੋਏ:ਕਾਲਕਾ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦਿੱਲੀ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਦਰਮਿਆਨ ਹੋਏ ਸਮਝੌਤੇ ਨੂੰ ਨਿੱਜੀ ਮੁਫਾਦਾਂ ਲਈ ਕੀਤਾ ਗਿਆ ਸਮਝੌਤਾ ਕਰਾਰ ਦਿੰਦਿਆਂ ਕਿਹਾ ਹੈ ਕਿ 25 ਸਾਲ ਤੱਕ ਇਕ ਦੂਜੇ ਨੂੰ ਗਾਲ੍ਹਾਂ ਕੱਢਣ ਵਾਲੇ ਅੱਜ ਕੌਮ ਨੂੰ ਗੁੰਮਰਾਹ ਕਰਨ ਵਾਸਤੇ ਇਕਜੁੱਟ ਹੋਏ ਹਨ।ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਤਿੰਨਾਂ ਆਗੂਆਂ ਵੱਲੋਂ ਇਕ ਦੂਜੇ ਨੂੰ ਮੰਦਾ ਬੋਲਣ ਦੀਆਂ ਵੀਡੀਓ ਵਿਖਾਉਂਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਗੋਲਕ ਚੋਰੀ ਦੇ ਦੋਸ਼ਾਂ ਵਿਚ ਮਨਜੀਤ ਸਿੰਘ ਜੀ.ਕੇ. ਨੂੰ ਪਾਰਟੀ ਵਿਚੋਂ ਕੱਢਿਆ ਸੀ ਤੇ ਦਾਅਵਾ ਕੀਤਾ ਸੀ ਕਿ ਉਹਨਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਦੀ ਗੋਲਕ ਵਿਚੋਂ 10 ਕਰੋੜ ਰੁਪਏ ਦੀ ਦੁਰਵਰਤੋਂ ਕੀਤੀ। ਉਹਨਾਂ ਕਿਹਾ ਕਿ ਇਸੇ ਤਰੀਕੇ ਮਨਜੀਤ ਸਿੰਘ ਜੀ.ਕੇ. ਨੇ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਨ ਤੇ 328 ਸਰੂਪ ਗਾਇਬ ਕਰਨ ਦੇ ਦੋਸ਼ ਲਾਏ ਸਨ। ਉਹਨਾਂ ਕਿਹਾ ਕਿ ਹੁਣ ਇਹਨਾਂ ਵਿਚ ਆਪਸੀ ਸਮਝੌਤਾ ਹੋ ਗਿਆ ਹੈ ਕਿ ਇਕ ਧਿਰ ਦੂਜੇ ਨੂੰ ਗੋਲਕ ਚੋਰ ਨਹੀਂ ਕਹੇਗੀ ਤੇ ਦੂਜੀ ਧਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਤੇ 328 ਸਰੂਪ ਚੋਰੀ ਹੋਣ ਦਾ ਹਿਸਾਬ ਨਹੀਂ ਮੰਗੇਗੀ।ਉਹਨਾਂ ਕਿਹਾ ਕਿ ਇਸੇ ਤਰੀਕੇ ਪਰਮਜੀਤ ਸਿੰਘ ਸਰਨਾ ਜਿਹਨਾਂ ਨੇ ਅਕਾਲੀ ਦਲ ਤੇ ਬਾਦਲ ਪਰਿਵਾਰ ’ਤੇ ਪੰਜਾਬ ਨੂੰ ਬਰਬਾਦ ਕਰਨ, ਇਸਦੀ ਨੌਜਵਾਨੀ ਨੂੰ ਨਸ਼ਿਆਂ ਵਿਚ ਡੋਬਣ, ਬੇਅਦਬੀਆਂ ਕਰਨ ਤੇ ਪੰਥ ਤੇ ਕੌਮ ਦਾ ਅਤੇ ਅਕਾਲੀ ਦਲ ਦਾ ਬੇੜਾ ਗਰਕ ਕਰਨ ਦੇ ਦੋਸ਼ ਲਾਏ ਸਨ ਪਰ ਹੁਣ ਸੁਖਬੀਰ ਸਿੰਘ ਬਾਦਲ ਤੇ ਸਰਨਾ ਵਿਚਾਲੇ ਸਮਝੌਤਾ ਹੋ ਗਿਆ ਹੈ ਕਿ ਪਿਛਲੇ ਕੁਝ ਨਹੀਂ ਚੁੱਕਣੇ ਅਤੇ ਅਗਲਾ ਟੀਚਾ ਸਰਨਾ ਨੂੰ ਦਿੱਲੀ ਗੁਰਦੁਆਰਾ ਕਮੇਟੀ ’ਤੇ ਕਾਬਜ਼ ਕਰਵਾਉਣਾ ਦਾ ਮਿਥਿਆ ਹੈ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦਿੱਲੀ ਦੀ ਸੰਗਤ ਬਹੁਤ ਸੁਲਝੀ ਹੋਈ ਅਤੇ ਸਿਆਣੀ ਹੈ ਜਿਸਨੇ ਪਹਿਲਾਂ 2021 ਦੀਆਂ ਚੋਣਾਂ ਵਿਚ ਇਹਨਾਂ ਧਿਰਾਂ ਨੂੰ ਕਰਾਰੀ ਮਾਤ ਦਿੱਤੀ। ਉਹਨਾਂ ਕਿਹਾ ਕਿ ਜਿਥੇ ਸਰਨਾ ਭਰਾਵਾਂ ਨੂੰ ਤੀਜੀ ਵਾਰ ਸੰਗਤ ਨੇ ਨਕਾਰਿਆ, ਉਥੇ ਹੀ ਮਨਜੀਤ ਸਿੰਘ ਜੀ.ਕੇ. ਤੇ ਉਹਨਾਂ ਦੀ ਜਾਗੋ ਪਾਰਟੀ ਨੂੰ ਸੰਗਤਾਂ ਨੇ ਬੁਰੀ ਤਰ੍ਹਾਂ ਨਕਾਰਿਆ।ਉਹਨਾਂ ਕਿਹਾ ਕਿ ਅੱਜ ਇਹ ਲੋਕ ਕੌਮ ਨੂੰ ਗੁੰਮਰਾਹ ਕਰਨ ਦੀ ਖ਼ਾਤਰ ਇਕਜੁੱਟ ਹੋਏ ਹਨ ਤੇ ਫਿਰ ਤੋਂ ਦਿੱਲੀ ਵਿਚ ਪੈਰ ਜਮਾਉਣਾ ਚਾਹੁੰਦੇ ਹਨ ਪਰ ਇਹਨਾਂ ਦੇ ਇਹ ਯਤਨ ਕਦੇ ਵੀ ਸਫਲ ਨਹੀਂ ਹੋਣਗੇ। ਪੰਥਕ ਏਕਤਾ ਦੇ ਦਾਅਵੇ ’ਤੇ ਸਵਾਲ ਕਰਦਿਆਂ ਦੋਵਾਂ ਆਗੂਆਂ ਨੇ ਕਿਹਾ ਕਿ ਪੰਥਕ ਉਹ ਹਨ ਜਿਹਨਾਂ ਨੂੰ ਸੰਗਤ ਨੇ ਸੇਵਾ ਬਖਸ਼ੀ ਤੇ ਅੱਜ ਉਹ ਦਿੱਲੀ ਗੁਰਦੁਆਰਾ ਕਮੇਟੀ ਰਾਹੀਂ ਸੰਗਤਾਂ ਦੀ ਸੇਵਾ ਕਰ ਰਹੇ ਹਨ ਨਾ ਕਿ ਉਹ ਪੰਥਕ ਹਨ ਜਿਹਨਾਂ ਨੂੰ ਬੁਰੀ ਤਰ੍ਹਾਂ ਨਕਾਰਿਆ ਗਿਆ।

# ਸੰਸਦ ਵਿਚ ਧੂਆਂ ਵੇਖਦੇ ਬਾਹਰ ਭੱਜੇ ਸਨ ਭਾਜਪਾ ਮੈਂਬਰ:ਰਾਹੁਲ ਗਾਂਧੀ




ਨਵੀਂ ਦਿੱਲੀ- ਵਿਰੋਧੀ ਧਿਰਾਂ ਨੂੰ ਸੰਸਦ ਦੀ ਸੁਰੱਖਿਆ ਵਿੱਚ ਕੁਤਾਹੀ ਨੂੰ ਲੈ ਕੇ ਮੋਦੀ ਸਰਕਾਰ ਨੂੰ ਘੇਰਨਾ ਮੁਸ਼ਕਲ ਹੋ ਗਿਆ। ਵਿਰੋਧੀ ਪਾਰਟੀਆਂ ਦੇ 150 ਦੇ ਕਰੀਬ ਸੰਸਦ ਮੈਂਬਰਾਂ ਨੂੰ ਲੋਕ ਸਭਾ ਅਤੇ ਰਾਜ ਸਭਾ ਤੋਂ ਬਾਹਰ ਕਰ ਦਿੱਤਾ ਗਿਆ ਸੀ।ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਦੋ ਨੌਜਵਾਨ ਸੰਸਦ ਭਵਨ ਵਿੱਚ ਦਾਖ਼ਲ ਹੋਏ ਸਨ। ਸਾਰਿਆਂ ਨੇ ਦੋਵਾਂ ਨੌਜਵਾਨਾਂ ਨੂੰ ਛਾਲ ਮਾਰਦੇ ਦੇਖਿਆ ਸੀ। ਇਨ੍ਹਾਂ ਨੌਜਵਾਨਾਂ ਨੇ ਸੰਸਦ ਦੇ ਅੰਦਰ ਵੀ ਧੂੰਆਂ ਫੈਲਾਇਆ, ਜਿਸ ਨੂੰ ਦੇਖ ਕੇ ਭਾਜਪਾ ਦੇ ਸਾਰੇ ਸੰਸਦ ਮੈਂਬਰ ਭੱਜ ਗਏ। ਜੋ ਆਪਣੇ ਆਪ ਨੂੰ ਦੇਸ਼ ਭਗਤ ਕਹਿੰਦੇ ਹਨ। ਹੁਣ ਪਹਿਲਾ ਸਵਾਲ ਇਹ ਹੈ ਕਿ ਇਹ ਨੌਜਵਾਨ ਗੈਸ ਸਿਲੰਡਰ ਲੈ ਕੇ ਪਾਰਲੀਮੈਂਟ ਅੰਦਰ ਕਿਵੇਂ ਦਾਖਲ ਹੋਏ? ਜੇਕਰ ਕੋਈ ਗੈਸ ਸਿਲੰਡਰ ਲਿਆ ਸਕਦਾ ਹੈ ਤਾਂ ਸੰਸਦ ਦੇ ਅੰਦਰ ਕੁਝ ਵੀ ਲਿਆ ਸਕਦਾ ਹੈ। ਦੂਜਾ ਸਵਾਲ ਹੈ ਕਿ ਉਨਾ ਨੇ ਅਜਿਹਾ ਵਿਰੋਧ ਕਿਉਂ ਕੀਤਾ? ਇਸ ਦਾ ਇੱਕੋ ਇੱਕ ਕਾਰਨ ਬੇਰੁਜ਼ਗਾਰੀ ਹੈ। ਵਾਇਨਾਡ ਦੇ ਸੰਸਦ ਮੈਂਬਰ ਨੇ ਕਿਹਾ ਕਿ ਦੇਸ਼ ‘ਚ ਭਾਰੀ ਬੇਰੁਜ਼ਗਾਰੀ ਹੈ। ਅੱਜ ਦੇਸ਼ ਵਿੱਚ ਕਿਸੇ ਨੌਜਵਾਨ ਨੂੰ ਨੌਕਰੀ ਨਹੀਂ ਮਿਲ ਰਹੀ। ਮੈਂ ਇੱਕ ਸਰਵੇਖਣ ਵਿੱਚ ਪਾਇਆ ਕਿ ਭਾਰਤ ਦੇ ਨੌਜਵਾਨ ਸੋਸ਼ਲ ਮੀਡੀਆ ‘ਤੇ ਆਪਣਾ ਬਹੁਤ ਸਾਰਾ ਸਮਾਂ ਬਰਬਾਦ ਕਰਦੇ ਹਨ। ਇੱਕ ਨੌਜਵਾਨ ਸੋਸ਼ਲ ਮੀਡੀਆ (ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ) ‘ਤੇ ਰੋਜ਼ਾਨਾ ਸਾਢੇ ਸੱਤ ਘੰਟੇ ਬਿਤਾਉਂਦਾ ਹੈ। ਇਸ ਦੌਰਾਨ ਉਨ੍ਹਾਂ ਮੀਡੀਆ ਨੂੰ ਘੇਰਦਿਆਂ ਕਿਹਾ ਕਿ ਇਹ ਲੋਕ ਬੇਰੁਜ਼ਗਾਰੀ ਦੀ ਗੱਲ ਕਿਉਂ ਨਹੀਂ ਕਰਦੇ?


UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜ਼ਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca



www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





Chris Kozakiewicz

BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com


Happy New Year!
Warm wishes to everyone in Delta, for a very happy, healthy and prosperous 2024!
Carla Qualtrough
YOUR MEMBER OF PARLIAMENT FOR
Delta
5064 - 48 Av. Delta, BC, V4K 1V8
778-593-4007
carla.qualtrough@parl.gc.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



*26 ਦਸੰਬਰ ਦਿਨ ਮੰਗਲਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਬੀਬੀ ਕੁਲਜੀਤ ਕੌਰ ਪਰਿਵਾਰ ਵੱਲੋਂ
*27 ਦਸੰਬਰ ਦਿਨ ਬੁੱਧਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਮੇਨ ਹਾਲ ਵਿਚ: ਵੱਲੋਂ ਸਿਮਰਨਜੀਤ ਕੌਰ
*28 ਦਸੰਬਰ ਦਿਨ ਵੀਰਵਾਰ ਅੰਤਿਮ ਅਰਦਾਸ ਬੀਬੀ ਅੰਮ੍ਰਿਤ ਕੌਰ ਗਰੇਵਾਲ ਨਮਿਤ ਦੁਪਹਿਰ 1.45 ਵਜੇ ਮੇਨ ਹਾਲ ਵਿਚ
*28 ਦਸੰਬਰ ਦਿਨ ਵੀਰਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਦਪਿੰਦਰ ਸਿੰਘ ਪਰਿਵਾਰ ਵੱਲੋਂ
*30 ਦਸੰਬਰ ਦਿਨ ਸ਼ਨਿਚਰਵਾਰ ਸੁਖਮਨੀ ਸਾਹਿਬ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਹਰਦੀਪ ਸਿੰਘ ਗਰੇਵਾਲ ਪਰਿਵਾਰ ਵੱਲੋਂ
*31 ਦਸੰਬਰ ਦਿਨ ਐਤਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ WFG Allwood Office ਵੱਲੋਂ

**31 ਦਸੰਬਰ ਦਿਨ ਐਤਵਾਰ ਨਵੇਂ ਸਾਲ ਦੀ ਆਰੰਭਤਾ ਨੂੰ ਮੁੱਖ ਰੱਖਦੇ ਹੋਏ ਸਵੇਰ ਤੋਂ ਰਾਤ 12 ਵਜੇ ਤੱਕ ਦੀਵਾਨ ਸਜਣਗੇ। ਸਮੂਹ ਸੰਗਤਾਂ ਨੇ ਹਾਜਰੀਆਂ ਭਰ ਕੇ ਲਾਹੇ ਪ੍ਰਾਪਤ ਕਰਨੇ ਜੀ**

**ਲਾਹੌਰ ਯੂਨੀਵਰਸਿਟੀ ਦੀ ਪ੍ਰੋਫੈਸਰ ਡਾ. ਬੀਬੀ ਅਸਮਾ ਕਾਦਰੀ 31 ਦਸੰਬਰ ਨੂੰ ਸਵੇਰੇ 11 ਤੋਂ 12 ਵਜੇ ਤੱਕ ਪਹੁੰਚ ਰਹੇ ਹਨ**

**ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠਾਂ ਦੀ ਲੜੀ ਆਰੰਭ ਹੈ ਜੋ ਕਿ ਜਨਵਰੀ ਦੇ ਅੰਤ ਤੱਕ ਚੱਲੇਗੀ। ਅਖੰਡ ਪਾਠ ਸਾਹਿਬ ਦੀ ਸੇਵਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ**

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ
*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ
*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ
*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ
*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30
*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ
*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ,
ਭਾਈ ਸਤਨਾਮ ਸਿੰਘ ਹਜੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

**ਗੁਰਦੁਆਰਾ ਸਾਹਿਬ:604-504-5530**

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

YPA REALTY

# 8th Annual Gala & Awards Night 2023

















## Co-Hosted by Advanced Learning Centre, Dominion Lending Centres-Lending Hub, Pharmasave 83rd & Scott Road.

Continental Immigration Solutions
"Helping Make Canada Home"

MB BRAR & Co.
Accounting & Business Professionals




MB BRAR & Co.
Accounting & Business Professionals

**INCOMETAX**

**ਇਨਕਮ ਟੈਕਸ**

Nil Income Still Eligible For Refunds.

E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

**Mandeep Brar**

**778-908-3317**

mandeep@brarco.ca

Continental Immigration Solutions
"Helping Make Canada Home"

**Sukhvir Chand**
RCIC, BBA

**Contact us for all type of Immigration Services**

**778-549-6851**

sukh@cisonline.ca

CAPIC ACCP
www.cisonline.ca
Commissioner of Oaths for British Columbia
Member of CAPIC

iccrc crcic

Unit 101 - 32883 South Fraser Way, Abbotsford British Columbia V2S 2A6 | Tel: 604-852-3201 | Fax: 604-852-3284

# JUPJI FINISHING CARPENTRY

*For All Kind Of Finishing Work Remember One Name...*

• Interior & Exterior Doors • Bi-Fold • Pocket Doors • Baseboard • Casing • Crown Moulding • Posts • Fireplaces








JUPJI FINISHING CARPENTRY











**Kuldeep Singh 778.242.5253 Free Estimate**

ਨਵਾਂ ਸਾਲ ਮੁਬਾਰਕ !




# ARLINGTON FUEL STOP INC.

**1801 Pioneer Hwy. Exit 208 @ I - 5**
**Arlington, WA 98223**



Balbir Singh Usmanpur

ਆਪਣੇ ਭਾਈਆਂ ਦੇ ਟੱਰਕ ਸਟੌਪ
ਜਿੱਥੇ ਤੁਸੀਂ ਘਰ ਵਰਗਾ ਮਾਹੌਲ
ਮਹਿਸੂਸ ਕਰਦੇ ਹੋ



Sandeep Singh

# LOST HILLS TRAVEL CENTRE INC.

14814 Aloma Street, Route 46 & I-5, PO Box 273 Lost Hills, CA 93249



Harjap Singh

* ਫਰੀ ਕਾਫੀ * ਫਰੀ ਫੇਕਸ ਸਰਵਿਸ
* ਰਾਤ ਲਈ ਮੁਫਤ ਪਾਰਰਿਕੰਗ
* ਟਰੱਕਾਂ ਲਈ ਜਰੂਰਤ ਦੀਆਂ ਚੀਜਾਂ
* ਫੋਨ ਕਾਰਡ

PACIFIC PRIDE



Jagbir Singh

**We accept all kind of Pacific Pride Cards**



# ACCURATE

## ACCOUNTS AND TAXES

ਸਾਡੇ ਸਮੂਹ ਪਰਿਵਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਪੁਰਬ ਦੀ ਆਪ ਸਭ ਨੂੰ

## ਲੱਖ ਲੱਖ ਵਧਾਈ




*Payroll *Tax Filling *Book Keeping *Other Paper Work
*Immigration Consultancy *New Business Setup Services



# ਨਵਾਂ ਸਾਲ ਮੁਬਾਰਕ!!!






## ਡਾ: ਹਰਚੰਦ ਸਿੰਘ ਪਰਿਵਾਰ ਵਲੋਂ
## ਨਵੇਂ ਸਾਲ ਦੀਆਂ ਸਭ ਨੂੰ ਲੱਖ-ਲੱਖ ਵਧਾਈਆਂ

**13955 Interurban Ave S, Tukwila WA 98168**

**www.DrHarchandSinghDDS.com Email: tukwiladental@aol.com**

**Ph: 206-431-0953, 206-241-0454, Fax: 206-439-6860**

# OZLA OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ। ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca

#109-18669 52 AVE SURREY, BC

www.ozla.ca

# 1 ਜਨਵਰੀ 1993:ਸ਼ਹੀਦੀ ਦਿਹਾੜਾ ਇੰਡੀਅਨ ਸਟੇਟ ਅਤੇ ਪੰਜਾਬ ਪੁਲਿਸ ਵੱਲੋਂ ਸਿੱਖ ਨਸਲਕੁਸ਼ੀ ਦਾ ਨੰਗਾ ਚਿੱਟਾ ਸੱਚ

## *ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਪੁਲਿਸ ਹਿਰਾਸਤ ਵਿਚ ਤਸੀਹੇ ਦੇ ਕੇ ਕੀਤੀ ਹੱਤਿਆ ਦਾ ਮਾਮਲਾ*



ਮਨੁੱਖੀ ਹੱਕਾਂ ਦੇ ਅਲੰਬਰਦਾਰ ਮਰਹੂਮ ਜਸਟਿਸ ਅਜੀਤ ਸਿੰਘ ਬੈਂਸ (ਰਿਟਾਇਰਡ) ਦੀ ਸੰਸਥਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਇਕ ਰਿਪੋਰਟ, ਜੋ ਕਿ ਪੰਜਾਬ ਦੇ ਸਾਬਕਾ ਐਡੀਸ਼ਨਲ ਡਿਪਟੀ ਜਨਰਲ ਪੁਲਿਸ ਸਿਕਿਉਰਟੀ ਬੀ ਪੀ ਤਿਵਾੜੀ ਆਈਪੀਐਸ ਵੱਲੋਂ ਤਿਆਰ ਕੀਤੀ ਗਈ ਸੀ, ਇਹ ਪਿਛਲੇ ਦਿਨੀਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਜਾਰੀ ਕੀਤੀ ਗਈ। ਜਿਸ ਤੋਂ ਖੁੱਲੇ ਤੌਰ 'ਤੇ ਸਪਸ਼ਟ ਹੋਇਆ ਹੈ ਕਿ ਪੰਜਾਬ ਪੁਲਿਸ ਅਤੇ ਇੰਡੀਅਨ ਸਟੇਟ ਵੱਲੋਂ ਸਿੱਖ ਨਸਲਕੁਸ਼ੀ ਕੀਤੀ ਗਈ। ਭਾਈ ਗੁਰਦੇਵ ਸਿੰਘ ਕਾਉਂਕੇ, ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਨ, ਉਹਨਾਂ ਨੂੰ ਪਿੰਡ ਕਾਉਂਕੇ ਤੋਂ 25 ਦਸੰਬਰ 1992 ਨੂੰ 200 ਬੰਦਿਆਂ ਦੀ ਮੌਜੂਦਗੀ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਉਹਨਾਂ ਦੀ ਗਵਾਹੀ ਇਤਿਹਾਸਿਕ ਹੈ।


ਪੰਜਾਬ ਦੇ ਉਸ ਵੇਲੇ ਦੇ ਦੁਸ਼ਟ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਅਤੇ ਬੁੱਚੜ ਪੁਲਿਸ ਅਧਿਕਾਰੀ ਕੇਪੀਐਸ ਗਿੱਲ ਦੀ ਰਹਿਨੁਮਾਈ ਹੇਠ ਜਿਸ ਤਰੀਕੇ ਨਾਲ ਸਿੱਖ ਨੌਜਵਾਨੀ ਦੀ ਨਸਲਕੁਸ਼ੀ ਹੋਈ, ਇਸ ਰਿਪੋਰਟ ਦੀ ਮਿਸਾਲ, ਇਸ ਦੀ ਗਵਾਹੀ ਭਰਦੀ ਹੈ। ਦੁਖਦਾਈ ਗੱਲ ਇਹ ਹੈ ਕਿ ਨੰਗੇ ਚਿੱਟੇ ਸੱਚ ਨੂੰ ਝੂਠਾ ਸਾਬਤ ਕਰਨ ਲਈ ਕਿਵੇਂ ਝੂਠੀਆਂ ਗਵਾਹੀਆਂ ਤਿਆਰ ਕੀਤੀਆਂ ਗਈਆਂ ਅਤੇ ਕਿਸ ਤਰੀਕੇ ਨਾਲ ਸੱਚਾਈ 'ਤੇ ਪਰਦਾ ਪਾਇਆ ਗਿਆ, ਉਹ ਆਪਣੇ ਆਪ ਵਿੱਚ ਦੁਖਾਂਤ ਹੈ।

ਰਿਪੋਰਟ ਵਿੱਚ ਇੱਕ ਅਹਿਮ ਘਟਨਾ ਇਹ ਵੀ ਹੈ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਬੁੱਚੜ ਸਵਰਨ ਸਿੰਘ ਐਸਐਸਪੀ ਜਗਰਾਉਂ ਨੇ ਹਿਰਾਸਤ ਵਿੱਚ ਰੱਖਿਆ ਸੀ, ਉੱਥੇ ਹੀ ਦੋ ਜਥੇਦਾਰਾਂ; ਭਾਈ ਤੇਜਪਾਲ ਸਿੰਘ ਗਰੇਵਾਲ ਪੁੱਤਰ ਰਸ਼ਪਾਲ ਸਿੰਘ ਅਤੇ ਜਥੇਦਾਰ ਸੂਰਜ ਸਿੰਘ ਪੁੱਤਰ ਕਾਲੜਾ ਸਿੰਘ ਨੇ ਬਿਆਨ ਵਿੱਚ ਦੱਸਿਆ ਕਿ ਜਦ ਭਾਈ ਗੁਰਦੇਵ ਸਿੰਘ ਕਾਉਂਕੇ ਜਗਰਾਓ ਪੁਲਿਸ ਵਲੋਂ ਫੜੇ ਹੋਏ ਸਨ, ਉਸ ਵੇਲੇ ਇਹਨਾਂ ਦੋਹੀ ਜਥੇਦਾਰਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕੀਤੀ, ਜੋ ਕਿ ਮਾਨ ਸਿੰਘ ਗਰਚਾ ਦੇ ਘਰੇ ਮੌਜੂਦ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲੇ ਦੇ ਐਸਪੀ ਸਵਰਨ ਸਿੰਘ ਘੋਟਣਾ ਨਾਲ ਜਗਰਾਉਂ ਵਿੱਚ ਟੈਲੀਫੋਨ ਤੇ ਗੱਲਬਾਤ ਕੀਤੀ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਬਾਹਰਲਾ ਖਾਣਾ ਨਹੀਂ ਖਾਂਦੇ, ਇਹਨਾਂ ਨੂੰ ਘਰ ਦਾ ਖਾਣਾ ਅਤੇ ਕੱਪੜੇ ਦਿੱਤੇ ਜਾਣ। ਜਿਸ 'ਤੇ ਸਵਰਨ ਸਿੰਘ ਐਸਐਸਪੀ ਨੇ ਯਕੀਨ ਦਵਾਇਆ ਕਿ ਭਾਈ ਗੁਰਦੇਵ ਸਿੰਘ ਨੂੰ ਘਰ ਦਾ ਖਾਣਾ ਤੇ ਕੱਪੜੇ ਦਿੱਤੇ ਜਾਣਗੇ, ਕਿਉਂਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸਿੱਖ ਖਾੜਕੂਆਂ ਦੀ ਪੁੱਛਗਿਛ ਲਈ ਜਗਰਾਉਂ ਪੁਲਿਸ ਨੇ ਬੁਲਾਇਆ ਸੀ। ਹੈਰਾਨੀ ਇਸ ਗੱਲ ਦੀ ਹੈ ਕਿ ਸਾਬਕਾ ਮੁੱਖ ਮੰਤਰੀ ਬਾਦਲ ਦਾ ਇਹ ਕਥਨ ਵੀ ਇਸ ਰਿਪੋਰਟ ਦੇ ਵਿੱਚ ਹਿੱਸਾ ਹੈ, ਜੋ ਦੋ ਜਥੇਦਾਰਾਂ ਦੇ ਹਵਾਲੇ ਦੇ ਨਾਲ ਸ਼ਾਮਿਲ ਹੈ।

ਕੀ ਸਾਬਕਾ ਮੁੱਖ ਮੰਤਰੀ ਬਾਦਲ ਨੂੰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਗੈਰ ਕਾਨੂੰਨੀ ਹਿਰਾਸਤ ਦਾ ਇਲਮ ਸੀ? ਕੀ ਉਨਾਂ ਨੇ ਸੱਚ ਮੁੱਚ ਬੁੱਚੜ ਐਸਐਸਪੀ ਸਵਰਨ ਘੋਟਣੇ ਨਾਲ ਗੱਲਬਾਤ ਕੀਤੀ? ਕੀ ਉਹਨਾਂ ਅਕਾਲੀ ਦਲ ਦੀ ਅਗਵਾਈ ਵਿੱਚ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਰਿਹਾਈ ਵਾਸਤੇ ਵੱਡੇ ਪੱਧਰ 'ਤੇ ਕਾਰਜ ਕੀਤਾ? ਕੀ ਉਹ ਹਾਈ ਕੋਰਟ ਵਿੱਚ ਇਸ ਗੱਲ ਦੇ ਲਈ ਗਵਾਹ ਬਣੇ? ਇਹ ਸਾਰੇ ਗੰਭੀਰ ਸਵਾਲ ਘੋਖਣਯੋਗ ਹਨ। ਇਸ ਮਾਮਲੇ ਤੋਂ ਇਲਾਵਾ ਹੋਰ ਬਹੁਤ ਸਾਰੇ ਅਹਿਮ ਇੰਕਸ਼ਾਫ਼ ਵੀ ਇਸ ਰਿਪੋਰਟ ਵਿੱਚ ਝਲਕਦੇ ਹਨ। ਇਹ ਰਿਪੋਰਟ ਗਿਆਨੀ ਰਘਬੀਰ ਸਿੰਘ, ਜਥੇਦਾਰ ਅਕਾਲ ਤਖਤ ਨੂੰ, ਮਨੁੱਖੀ ਅਧਿਕਾਰ ਸੰਗਠਨ ਸੰਸਥਾ ਦੇ ਕਹਿਣ ਅਨੁਸਾਰ, ਸਭ ਤੋਂ ਪਹਿਲਾਂ ਸੌਂਪੀ ਗਈ ਸੀ, ਪਰ ਉਹਨਾਂ ਨੇ ਜਾਰੀ ਨਹੀਂ ਕੀਤੀ। ਜਥੇਦਾਰ ਭਾਈ ਰਘਵੀਰ ਸਿੰਘ ਦਾ ਬਿਆਨ ਵੀ ਕਾਫੀ ਪਛੜ ਕੇ ਆ ਚੁੱਕਿਆ ਹੈ, ਪਰ ਇਸ ਤੋਂ ਪਹਿਲਾਂ ਹੀ ਇਹ ਰਿਪੋਰਟ ਜਸਟਿਸ ਅਜੀਤ ਸਿੰਘ ਬੈਂਸ ਦੀ ਸੰਸਥਾ ਮਨੁੱਖੀ ਅਧਿਕਾਰ ਸੰਗਠਨ ਸੰਸਥਾ ਵੱਲੋਂ ਜਾਰੀ ਕਰ ਦਿੱਤੀ ਗਈ ਹੈ। ਇਹ ਰਿਪੋਰਟ ਹੂਬਹੂ ਪਾਠਕਾਂ ਲਈ ਧੰਨਵਾਦ ਸਹਿਤ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

**(ਡਾ. ਗੁਰਵਿੰਦਰ ਸਿੰਘ)**

# ਹਰਪ੍ਰੀਤ ਕੌਰ ਦੇ 'ਰੋਡ' ਗੀਤ ਨੂੰ ਮਿਲਿਆ ਭਰਵਾਂ ਹੁੰਗਾਰਾ




ਸਰੀ: 'ਪੰਜਾਬ ਦੀ ਅਵਾਜ਼' ਸ਼ੋਅ ਦੀ ਜੇਤੂ ਹਰਪ੍ਰੀਤ ਕੌਰ ਦੇ ਨਵੇ ਗਾਣੇਂ 'ਰੋਡ' ਦੀ ਸੰਗੀਤ ਦੀ ਦੁਨੀਆਂ ਵਿੱਚ ਬਹੁਤ ਚਰਚਾ ਹੋ ਰਹੀ ਹੈ।ਰੋਡ ਗਾਣੇਂ ਨੂੰ ਭਰਵਾ ਹੁੰਗਾਰਾ ਮਿਲ ਰਿਹਾ ਹੈ ਲੱਖਾਂ ਲੋਕਾਂ ਨੇ ਇਸ ਗਾਣੇਂ ਨੂੰ ਪਸੰਦ ਕੀਤਾ ਹੈ।ਇਹ ਗੀਤ ਪੰਜਾਬ ਤੋਂ ਵਿਦੇਸ਼ਾਂ ਵਿੱਚ ਆਏ ਅੰਤਰਰਾਸ਼ਟਰੀ ਵਿਦਿਆਰਥੀ ਮੁੰਡੇ ਕੁੜੀਆਂ ਦੀ ਜਿੰਦਗੀ ਉੱਪਰ ਅਧਾਰਤ ਹੈ।ਹਰਪ੍ਰੀਤ ਦੀ ਸੁਰੀਲੀ ਅਵਾਜ਼ ਵਿੱਚ 'ਰੋਡ' ਗੀਤ ਨੂੰ ਸੋਸ਼ਲ ਮੀਡੀਆ, ਸਾਰੇ ਹੀ ਆਡੀਓ ਪਲੇਟ ਫਾਰਮ, ਯੂ ਟਿਊਬ ਤੇ ਸਣਿਆ ਜਾ ਸਕਦਾ ਹੈ।ਇਸ ਗੀਤ ਨੂੰ ਉੱਘੇ ਲੇਖਕ ਸੰਗਦਿਲ 47 ਵੱਲੋਂ ਕਲਮ ਬੰਦ ਕੀਤਾ ਗਿਆ ਹੈ ।ਇਸ ਵਧੀਆ ਤੇ ਸਾਫ ਸੁਥਰੀ ਗਾਇਕੀ ਨੂੰ ਪ੍ਰਮੋਟ ਕਰਨ ਲਈ ਇਸ ਗੀਤ ਨੂੰ ਵੱਧ ਤੋਂ ਵੱਧ ਸੁਣੋਂ ਤੇ ਪਸੰਦ ਕਰੋ।ਇਨਾ ਯਤਨਾ ਸਦਕਾ ਹੀ ਅਸੀਂ ਚੰਗੀ ਗਾਇਕੀ ਲੋਕਾਂ ਸਾਹਮਣੇ ਲਿਆ ਸਕਦੇ ਹਾਂ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ — ਪੰਥ ਕੀ ਜੀਤ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਸਾਧ ਸੰਗਤ ਵਲੋਂ ਚੌਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮਾਂ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸ ਪੁਰਬ ਦੀ ਸਾਰੀ ਸੇਵਾ ਭਾਈ ਕੁਲਦੀਪ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੇਹੋਲ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਕੀਤੀ ਜਾਵੇਗੀ।
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡਪਾਠ ਸਾਹਿਬ – 29 ਦਸੰਬਰ 2023, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ।
ਭੋਗ ਸ੍ਰੀ ਅਖੰਡ ਪਾਠ ਸਾਹਿਬ– 31 ਦਸੰਬਰ 2023, ਦਿਨ ਐਤਵਾਰ ਸਵੇਰੇ 9:00 ਵਜੇ।

ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਜੀਵਨੀ ਉੱਪਰ ਰੌਸ਼ਨੀ ਪਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ।
ਗੁਰੂ ਕਾ ਲੰਗਰ ਤਿੰਨ ਦਿਨ ਅਤੁੱਟ ਵਰਤੇਗਾ।

22 ਦਸੰਬਰ, ਦਿਨ ਸ਼ੁੱਕਰਵਾਰ.......ਸਵੇਰੇ 10:00 ਵਜੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 24 ਦਸੰਬਰ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਸੇਵਾ ਕਮੇਟੀ ਦੇ ਸਾਰੇ ਸੇਵਾਦਾਰਾਂ ਵਲੋਂ ਕੀਤੀ ਜਾਵੇਗੀ।

29 ਦਸੰਬਰ, ਦਿਨ ਸ਼ੁੱਕਰਵਾਰ.......ਸਵੇਰੇ 10:00 ਵਜੇ ਚੌਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਅਰੰਭ ਹੋਣਗੇ ਜਿਹਨਾਂ ਦੇ ਭੋਗ 31 ਦਸੰਬਰ, ਦਿਨ ਐਤਵਾਰ ਸਵੇਰ ਨੂੰ 9:30 ਵਜੇ ਪਾਏ ਜਾਣਗੇ। ਇਸ ਪੁਰਬ ਦੀ ਸੇਵਾ ਕੁਲਦੀਪ ਸਿੰਘ ਦੇਹਲ ਪਰਿਵਾਰ ਵਲੋਂ ਹੋਵੇਗੀ।

31 ਦਸੰਬਰ, ਦਿਨ ਐਤਵਾਰ.........ਸ਼ਾਮ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ ਸ਼ਾਮ 7:00 ਵਜੇ ਤੋਂ ਤੋਂ ਰਾਤ 12:00 ਵਜੇ ਤੱਕ ਕੀਰਤਨ ਦਰਬਾਰ ਸਜਣਗੇ ਤੇ ਲੰਗਰ ਵੀ ਹੋਵੇਗਾ।

1 ਜਨਵਰੀ, ਦਿਨ ਸੋਮਵਾਰ..........ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

5 ਜਨਵਰੀ, ਦਿਨ ਸ਼ੁੱਕਰਵਾਰ.........ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹੈ, ਸ਼ਾਮ ਨੂੰ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਅੱਤਵਾਦ ’ਤੇ ਗ੍ਰਹਿ ਮੰਤਰਾਲੇ ਦੀ ਕਾਰਵਾਈ, ਮੁਸਲਿਮ ਲੀਗ ਜੰਮੂ-ਕਸ਼ਮੀਰ ’ਤੇ ਪਾਬੰਦੀ

ਜੰਮੂ-ਮੁਸਲਿਮ ਲੀਗ ਜੰਮੂ ਕਸ਼ਮੀਰ (ਮਸਰਤ ਆਲਮ ਧੜਾ) ਨੂੰ ਜੰਮੂ-ਕਸ਼ਮੀਰ ਵਿੱਚ ਗੈਰ-ਕਾਨੂੰਨੀ ਸੰਗਠਨ ਐਲਾਨਿਆ ਗਿਆ ਹੈ। ਇਸ ਗੱਲ ਦਾ ਐਲਾਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਵੀਟ ਕਰਕੇ ਕੀਤਾ। ਉਨ੍ਹਾਂ ਨੇ ਇਸ ਐਸੋਸੀਏਸ਼ਨ ਬਾਰੇ ਇਹ ਵੀ ਕਿਹਾ ਕਿ ਉਹ ਅੱਤਵਾਦੀ ਗਤੀਵਿਧੀਆਂ ਦਾ ਸਮਰਥਨ ਕਰਦੇ ਹਨ ਅਤੇ ਲੋਕਾਂ ਨੂੰ ਭੜਕਾਉਂਦੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਵੀਟ ਕੀਤਾ ਕਿ ਮੁਸਲਿਮ ਲੀਗ ਜੰਮੂ ਕਸ਼ਮੀਰ (ਮਸਰਤ ਆਲਮ ਧੜਾ) 'ਗੈਰਕਾਨੂੰਨੀ ਸੰਗਠਨ' ਘੋਸ਼ਿਤ ਕੀਤਾ ਗਿਆ ਹੈ। ਇਹ ਸੰਗਠਨ ਅਤੇ ਇਸ ਦੇ ਮੈਂਬਰ ਜੰਮੂ-ਕਸ਼ਮੀਰ ਵਿੱਚ ਦੇਸ਼ ਵਿਰੋਧੀ ਅਤੇ ਵੱਖਵਾਦੀ ਗਤੀਵਿਧੀਆਂ ਦੇ ਨਾਲ-ਨਾਲ ਅੱਤਵਾਦੀ ਗਤੀਵਿਧੀਆਂ ਦਾ ਸਮਰਥਨ ਕਰਨ ਅਤੇ ਲੋਕਾਂ ਨੂੰ ਜੰਮੂ-ਕਸ਼ਮੀਰ ਵਿੱਚ ਇਸਲਾਮਿਕ ਸ਼ਾਸਨ ਸਥਾਪਤ ਕਰਨ ਲਈ ਉਕਸਾਉਣ ਵਿੱਚ ਸ਼ਾਮਲ ਹਨ। ਮਸਰਤ ਆਲਮ 2015 ਤੋਂ ਜੇਲ੍ਹ ਵਿੱਚ ਹੈ।ਕੁਝ ਸਮੇਂ ਤੋਂ ਉਹ ਕੋਟ ਭਲਵਾਲ ਜੇਲ੍ਹ ਵਿੱਚ ਬੰਦ ਸੀ ਅਤੇ ਪਿਛਲੇ ਚਾਰ ਸਾਲਾਂ ਤੋਂ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ। ਉਹ 2008 ਅਤੇ 2010 ਵਿੱਚ ਕਸ਼ਮੀਰ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਦਾ ਮੁੱਖ ਸੂਤਰਧਾਰ ਰਿਹਾ ਹੈ। ਕੱਟੜਪੰਥੀ ਸਈਅਦ ਅਲੀ ਸ਼ਾਹ ਦੀ ਮੌਤ ਤੋਂ ਬਾਅਦ, ਉਸ ਨੂੰ ਕੱਟੜਪੰਥੀ ਹੁਰੀਅਤ ਦਾ ਅੰਤਰਿਮ ਚੇਅਰਮੈਨ ਬਣਾਇਆ ਗਿਆ ਸੀ।

# ਜਗਦੀਆਂ ਅੱਖਾਂ ਵਾਲੇ

ਸਰਹੰਦ ਸੁੰਨ ਸੀ ਅਜ ਜਿਵੇਂ ਸਾਹ ਰੁਕ ਗਏ ਹੋਣ ਸਰਹੰਦ ਦੇ। ਸਰਹੰਦ ਦੀ ਹਿਕ ਵਿਚ ਡੂੰਘਾ ਖੰਜਰ ਲਹਿ ਗਿਆ ਸੀ ਜਿਹੜਾ ਅਗੇ ਜਾ ਕੇ ਨਾਸੂਰ ਬਣ ਗਿਆ ਇਨਾ ਭਿਆਨਕ ਨਾਸੂਰ ਕੇ 1764 ਤਕ ਜਾਦਿਆਂ ਤਾਂ ਪਤਾ ਹੀ ਨਾ ਰਿਹਾ ਕਿ ਇਥੇ ਕੋਈ ਹਿੰਦ ਦਾ ਸਿਰ ਮੰਨੀ ਜਾਂਦੀ ਫੂਲਾਂ ਅਤੇ ਬਾਗਾਂ ਵਾਲੀ ਸਰਹੰਦ ਵੀ ਹੋਇਆ ਕਰਦੀ ਸੀ ਜਦ ਸਿੰਘਾਂ ਖੋਤਿਆਂ ਨਾਲ ਹਲ ਵਾਹ ਕੇ ਸਦਾ ਲਈ ਇਸ ਦੀਆਂ ਕਬਰਾਂ ਪੁਟ ਸੁਟੀਆਂ।

ਸੂਬੇ ਸੋਚਿਆ ਪਰਾਲੀ ਦੀ ਅਗ ਐ ਥੋੜਾ ਚਿਰ ਮਚ ਕੇ ਬੁਝ ਜਾਣੀ ਗੁਰੂ ਉਜੜ ਗਿਆ ਹੁਣ ਕਿੰਨ ਪੁਛਣਾ ਪਰ ਉਸ ਨੂੰ ਪਤਾ ਨਾ ਸੀ ਇਹ ਅੰਗਾਰ ਕਾਹਨੂੰ ਬੁਝਣੇ ਤੈਨੂੰ ਸਾੜੇ ਬਿਨਾ।

ਗੰਗੂ ਜਦ ਮਾਂ ਅਪਣੀ ਨਾਲ ਸਲਾਹ ਕਰਨ ਗਿਆ ਕਿ ਦੁਧ ਵਿਚ ਜਹਿਰ ਪਾ ਦੇਹ ਤਾਂ ਮਾਂ ਦੇ ਰੋਕਣ ਤੇ ਪਤਾ ਕੀ ਆਂਹਦਾ?

ਕਹਿੰਦਾ ਮਾਂ ਗੁਰੂ ਦਾ ਮੇਲਾ ਉਜੜ ਗਿਆ ਐ ਇਸ ਵਗਦੀ ਹਨੇਰੀ ਵਿਚ ਕਿਸੇ ਨੇ ਕਿਸੇ ਨੂੰ ਨਹੀ ਪੁਛਣਾ, ਕੋਈ ਵਾਲੀ ਵਾਰਸ ਨਹੀ ਇਨਾ ਦਾ ਪੂਰੀ ਜਿੰਦਗੀ ਦੀ ਭੁਖ ਮਿਟਣ ਦਾ ਸਮਾ ਆ ਗਿਆ ਮੌਕਾ ਕਿਓਂ ਗਵਾਵਾਂ।

ਸੁਚਾ ਨੰਦ ਨੂੰ ਵੀ ਜਾਪਿਆ ਕਹਾਣੀ ਖਤਮ ਐ ਮੁਫਤੇ ਵਿਚ ਚਾਪਲੂਸੀ ਕਰਕੇ ਵਜੀਦੇ ਦੀ ਵਾਹ ਵਾਹ ਖਟ ਲੈਨੇ ਆਂ ਉਜੜੇ ਅਨੰਦਪੁਰ ਦਾ ਹੁਣ ਕੌਣ ਬੇਲੀ।

ਪਰ ਇਨਾ ਸਭ ਨੂੰ ਕਿਆ ਪਤਾ ਸੀ ਕਿ ਜਿਹੜੇ ਅੰਗਾਰ ਤੁਸੀਂ ਭਖਦੇ ਕਰਨ ਜਾ ਰਹੇ ਓਂ ਉਨ ਤਾਂ ਇਹੋ ਜਿਹੀਆਂ ਕਈ ਸਰਹੰਦਾਂ ਫੂਕ ਸੁਟਣੀਆਂ।

ਤੇ ਹਾਲੇ ਸਮਾ ਹੀ ਕਿਹੜਾ ਪਿਆ ਸੀ ਭੁਖੇ ਬਘਿਆੜਾਂ ਦੀਆਂ ਰਾਤ ਸਮੇ ਜਗਦੀਆਂ ਅਖਾਂ ਤਰਾਂ ਵਰਗੇ ਸੂਰਮੇ ਸਰਹੰਦ ਦੇ ਸਾਹਵੇਂ ਬੇਚੈਨ ਖੜੇ ਸਨ ਕਿ ਬਾਬਾ ਛਡਦਾ ਕਿਓਂ ਨਹੀ ਘੋੜਿਆਂ ਦੀਆਂ ਵਾਗਾਂ ਅਜ ਕਚਿਆਂ ਨਾ ਚਬ ਗਏ ਜੇ ਸਰਹੰਦ ਨੂੰ।

ਲਗਦਾ ਨਹੀ 8 ਘੰਟੇ ਪੈਣ ਦਿਤੇ ਹੋਣੇ ਕਿ ਪੂਰੀ ਮੁਗਲ ਸਲਤਨਤ ਦੀ ਸਿਰ ਮੰਨੀ ਜਾਂਦੀ ਰਹੀ ਸਰਹੰਦ ਖਾਲਸੇ ਦੇ ਪੈਰਾਂ ਹੇਠ ਸੀ ਅਤੇ ਵਜੀਦਾ ਖਰਬੂਜ਼ੇ ਤਰਾਂ ਵਿਚਾਲਿਓਂ ਦੋ ਫਾੜ ਕਰਕੇ ਔਹ ਮਾਰਿਆ ਬੇਗਾਨਿਆਂ ਪੁਤਾਂ ਅਤੇ ਦੀਵਾਨ ਸੁਚਾ ਨੰਦ ਵੈਹੜਿਆਂ ਮਗਰ ਪਾ ਪਾ ਧੂਹਿਆ।

1764 ਵਿਚ ਤਾਂ ਅਬਦਾਲੀ ਦੇ ਜਰਨੈਲ ਜਹਾਨ ਖਾਂ ਨੂੰ ਵਾਹਣੇ ਪਾ ਕੇ ਸਿੰਘ ਕਚੀਚੀਆਂ ਲੈ ਲੈ ਕੇ ਪਏ ਸਰਹੰਦ ਨੂੰ ਅਤੇ ਰੀਝ ਨਾਲ ਗਧੇ ਜੋੜ ਜੋੜ ਕੇ ਹਲ ਵਾਲੇ ਸਰਹੰਦ ਉਪਰ। ਬੜੇ ਚਿਰਾਂ ਤਕ ਲੰਘਦੇ ਕਰਦੇ ਸਿੰਘ ਸਰਹੰਦ ਦੀ ਇਟ ਨਾ ਇਟ ਖੜਕਾਓਂਦੇ ਰਹੇ। ਸਰਹੰਦ ਦੀਆਂ ਤਾਂ ਕਬਰਾਂ ਵੀ ਬੋਲ ਪਈਆਂ ਹੋਣੀਆਂ ਕਿ ਬਸ ਕਰੋ ਸਿੰਘੋ ਇਨਾ ਕਰੋਧ।

ਜਦ ਪਤਾ ਲਗਾ ਕਿ ਛੋਟੇ ਮਸੂਮਾਂ ਦੀਆਂ ਹਿਕਾਂ ਉਪਰ ਇਟਾਂ ਦਾ ਭਾਰ ਰਖਣ ਵਾਲੀ ਸਰਹੰਦ ਦੀ ਖੁਦ ਦੀ ਇਟ ਨਾਲ ਇਟ ਖੜਕਾਓਂਣ ਵਾਲਾ ਕੋਈ ਬਾਜਾਂ ਵਾਲੇ ਦਾ ਸਿੰਘ ਚੜ ਆਇਆ ਹੈ ਤਾਂ ਮਾਵਾਂ, ਭੈਣਾਂ ਧੀਆਂ ਨੇ ਪਤੀ, ਪੁਤ, ਪਿਓ ਇਓਂ ਚਾਵਾਂ ਨਾਲ ਗਾਨੇ ਬੰਨ ਬੰਨ ਜੰਗ ਵੰਨੀ ਤੋਰੇ ਜਿਵੇਂ ਕੋਈ ਮਾਂ ਦਾ ਜਵਾਨ ਪੁਤ ਘੋੜੀ ਚੜਨ ਲਗਾ ਹੋਵੇ।

ਹਥਿਆਰ? ਜੋ ਨੇਜਾ, ਬਰਛਾ, ਟਕੂਆ, ਗੰਡਾਸਾ, ਕਹੀ, ਕੁਹਾੜੀ ਕਿਸੇ ਹਥ ਆਇਆ ਚੁਕ ਕੇ ਦੌੜ ਤੁਰੇ ਬੰਦੇ ਕਿ ਸਰਹੰਦ ਨਹੀ ਛਡਣੀ ਅਜ।

ਸਰਹੰਦ ਦੇ ਸਾਹਵੇਂ ਬੇਚੈਨ ਟੱਪਦੇ ਫਿਰਦੇ ਘੋੜਿਆਂ ਦੇ ਸ਼ਾਹ ਸਵਾਰਾਂ ਦੀਆਂ ਜਗਦੀਆਂ ਅਖਾਂ ਵਿਚ ਭਖਦੇ ਅੰਗਾਰ ਸਾਫ ਦਿਸ ਰਹੇ ਸਨ ਜਿਹੜੇ ਛੇਤੀ ਤੋਂ ਛੇਤੀ ਸਰਹੰਦ ਨੂੰ ਨੇਸਤੋ-ਨਾਬੂਦ ਕਰ ਦੇਣਾ ਚਾਹੁੰਦੇ ਸਨ।

ਯਾਦ ਰਖਣਾ ਮੁਗਲ ਸਲਤਨਤ ਨੂੰ ਵੰਗਾਰ ਕੇ, ਤਿਆਰੀ ਦਾ ਸਮਾ ਦੇ ਕੇ ਹਿੰਦੋਸਤਾਨ ਵਿਚ ਸਦੀਆਂ ਬਾਅਦ ਜੇ ਇਓਂ ਸਿਧਾ ਕਿਸੇ ਵੰਗਾਰਿਆਂ ਤਾਂ ਓਹ ਓਨਾ ਜਗਦੀਆਂ ਅਖਾਂ ਵਾਲੇ ਸ਼ਾਹ ਸਵਾਰਾਂ ਨੇ। ਜੀਹਨਾ ਅਗੇ ਜਾ ਕੇ ਓਨਾ ਚਿਰ ਤਲਵਾਰ ਮਿਆਨ ਨਹੀ ਪਾਈ ਜਿੰਨੀ ਦੇਰ ਸਚ ਹੀ ਮੁਗਲ ਸਲਤਨਤ ਦੀ ਜੜ ਨਹੀ ਪੁਟ ਸੁਟੀ ਕਿਓਂਕਿ ਓਨਾ ਦਾ ਗੁਰੂ ਕਹਿ ਗਿਆ ਸੀ ਕਿ ਅਜ ਮੁਗਲਾਂ ਦੀ ਜੜ ਪੁਟੀ ਗਈ ਹੈ।



**ਗੁਰਦੇਵ ਸਿੰਘ ਸੱਧੇਵਾਲੀਆ**

# ਸਿੱਖ ਭਾਰਤ ਵਿੱਚ ਬੇਗਾਨੇ

ਗ੍ਰਹਿ ਮੰਤਰੀ ਅਮਿਤਸ਼ਾਹ ਦਾ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਕਹਿਣਾ ਹੈ ਕਿ ਜਿਸਨੂੰ ਆਪਣੇ ਕੀਤੇ ਦਾ ਪਛਤਾਵਾ ਨਹੀਂ ਉਸਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।ਅਮਿਤਸ਼ਾਹ ਨੇ ਸਿੱਖ ਬੰਦੀਆਂ ਦੀ ਮੁਆਫ਼ੀ ਅਤੇ ਰਿਹਾਈ ਬਾਰੇ ਜੋ ਦਲੀਲ ਦਿੱਤੀ ਉਹ ਸਿੱਖਾਂ ਉੱਪਰ ਹੀ ਕਿਉਂ ਲਾਗੂ ਹੁੰਦੀ ਹੈ? ਰਾਜੋਆਣਾ ਨੂੰ ਛੱਡਕੇ ਦੂਜੇ ਬੰਦੀ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਉਹਨਾਂ ਨੂੰ ਕਿਉਂ ਰਿਹਾਅ ਨਹੀਂ ਕੀਤਾ ਜਾ ਰਿਹਾ? ਅਮਿਤਸ਼ਾਹ ਆਪਣੀ ਦਲੀਲ ਨੂੰ ਸਹੀ ਠਹਿਰਾਅ ਸਕਦੇ ਹਨ ਪਰ ਉਹਨਾਂ ਦੀ ਦਲੀਲ ਭਾਈਚਾਰਕ ਸਾਂਝ ਵਧਾਉਣ ਬਾਰੇ ਸਰਕਾਰ ਦੇ ਪ੍ਰਚਾਰ ਨੂੰ ਖੋਖਲਾ ਸਾਬਿਤ ਕਰ ਰਹੀ ਹੈ।

ਉਹ ਜੇਕਰ ਆਪਣੀ ਦਲੀਲ ਨੂੰ ਸਹੀ ਮੰਨਦੇ ਹਨ ਤਾਂ ਗੁਜਰਾਤ ਵਿੱਚ ਮੁਸਲਮਾਨਾ ਦੇ ਕਤਲੇਆਮ ਦੌਰਾਨ ਬਿਲਕੀਸ ਬਾਨੋਂ ਨਾਲ ਸਮੂਹਿਕ ਬਲਾਤਕਾਰ ਅਤੇ ਉਸਦੇ ਪਰਿਵਾਰਕ ਮੈਂਬਰਾਂ ਦੀ ਹੱਤਿਆ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਕਿਉਂ ਛੱਡ ਦਿੱਤਾ ਗਿਆ? ਜੇ ਉਹਨਾਂ ਲਈ ਕਾਨੂੰਨ ਵੱਖਰਾ ਹੈ ਫਿਰ ਸਿੱਖਾਂ ਨੂੰ ਕੋਈ ਗਿਲਾ ਨਹੀਂ। ਜੇ ਕਾਨੂੰਨ ਇੱਕ ਹੈ ਫਿਰ ਸਿੱਖਾਂ ਨਾਲ ਵਿਤਕਰਾ ਕਿਉਂ? ਹੋਰ ਕਈ ਮਿਸਾਲਾਂ ਹਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਦੀ ਵਿਕਾਸ-ਮੁਖੀ ਸੋਚ ਸਿਖਾਂ ਦੇ ਮਾਮਲੇ ਵਿੱਚ “ਵਿਨਾਸ਼-ਮੁਖੀ” ਬਣ ਜਾਂਦੀ ਹੈ।

ਪਿਛਲੇ ਕੁੱਝ ਸਮੇਂ ਤੋਂ ਇਹ ਅਟਕਲਾਂ ਜ਼ੋਰ ਫੜ ਰਹੀਆਂ ਹਨ ਕਿ ਲੋਕ ਸਭਾ ਦੀਆਂ ਚੋਣਾਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਮਿਲਕੇ ਲੜ ਸਕਦੇ ਹਨ ਪਰ ਅਮਿਤਸ਼ਾਹ ਨੇ ਸਿੱਖ ਬੰਦੀਆਂ ਬਾਰੇ “ਮੈਂ ਨਾ ਮਾਨੂੰ” ਵਾਲਾ ਬਿਆਨ ਦੇ ਕੇ ਸਾਰੀਆਂ ਅਟਕਲਾਂ ਉਪਰ ਲਕੀਰ ਫੇਰ ਦਿੱਤੀ ਹੈ। ਇਕ ਲਿਹਾਜ਼ ਨਾਲ ਇਹ ਠੀਕ ਹੈ। ਉਹ ਇਸ ਤਰ੍ਹਾਂ ਕਿ ਭਾਜਪਾ ਨੂੰ ਪੰਜਾਬ ਵਿੱਚ ਆਪਣੀ ਹੈਸੀਅਤ ਦਾ ਪਤਾ ਲੱਗ ਜਾਵੇਗਾ ਕਿ ਅਮਿਤਸ਼ਾਹ ਦੇ ਬਿਆਨ ਤੋਂ ਬਾਦ ਉਹ ਪੰਜਾਬ ਵਿੱਚ ਕਿੱਥੇ ਖੜੀ ਹੈ। ਕਈ ਵਾਰ ਕਿਸੇ ਨਾਲ ਦਿਖਾਈ ਥੋਹੜੀ ਜਿਹੀ ਹਮਦਰਦੀ ਵੱਡੀ ਕਾਇਆਕਲਪ ਦਾ ਕਾਰਣ ਬਣ ਜਾਂਦੀ ਹੈ। ਇਸ ਗੱਲ ਨੂੰ ਅਮਿਤਸ਼ਾਹ ਸ਼ਾਇਦ ਨਹੀਂ ਜਾਣਦੇ ਕਿਉਂਕਿ ਜਿਹੜੀ ਪਾਰਟੀ ਨਫ਼ਰਤ ਦੀ ਖੇਤੀ ਕਰਦੀ ਹੋਵੇ ਉਸਨੂੰ ਮੁਹੱਬਤ ਦਾ ਅਹਿਸਾਸ ਨਹੀਂ ਹੋ ਸਕਦਾ। ਸਿੱਖ ਬੰਦੀਆਂ ਨੇ ਅੱਜ ਨਹੀਂ ਤਾਂ ਕੱਲ ਰਿਹਾਅ ਹੋਣਾ ਹੀ ਹੈ।

ਜੇਕਰ ਇਹ ਸੱਚ ਹੈ ਫਿਰ ਸਰਕਾਰ ਇਹਨਾਂ ਨੂੰ ਰਿਹਾਅ ਕਰਕੇ ਸਿੱਖਾਂ ਦਾ ਦਿੱਲ ਜਿੱਤਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੀ? ਗੱਲ ਫਿਰ ਉਹੀ ਕਿ ਅਮਿਤਸ਼ਾਹ ਹੋਣ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਦੋਵੇਂ ਆਪਣੇ ਹਿੱਤ ਤੋਂ ਇਲਾਵਾ ਕਿਸੇ ਹੋਰ ਦੇ ਹਿੱਤ ਬਾਰੇ ਨਹੀਂ ਸੋਚਦੇ।

ਸਰਕਾਰ ਨੇ ਜਿਸ ਤਰ੍ਹਾਂ ਪਾਰਲੀਮੈਂਟ ‘ਚੋਂ ਵਿਰੋਧੀ ਮੈਂਬਰਾਂ ਨੂੰ ਬਾਹਿਰ ਕੱਢਕੇ ਬਿੱਲ ਪਾਸ ਕਰਵਾਏ ਉਸਦੇ ਬਾਦ ਕੌਣ ਕਹੇਗਾ ਕਿ ਦੇਸ਼ ਵਿੱਚ ਲੋਕ ਰਾਜ ਹੈ।

ਕਹਿਣ ਦਾ ਭਾਵ ਹੈ ਕਿ ਸਰਕਾਰ ਨੂੰ ਆਪਣੇ ਸਿਵਾ ਹੋਰ ਕੋਈ ਨਜ਼ਰ ਨਹੀਂ ਆਉਂਦਾ। ਉਹ ਜ਼ਮਾਨਾ ਹੋਰ ਸੀ ਜਦੋਂ ਭਾਰਤ ਬਾਰੇ ਕਿਹਾ ਜਾਂਦਾ ਸੀ ਕਿ ਇਥੇ ਅਨੇਕਤਾ ਵਿੱਚ ਏਕਤਾ ਹੈ। ਅਮਿਤਸ਼ਾਹ ਆਪਣੇ ਬਿਆਨ ਬਾਰੇ ਜੇਕਰ ਸਮਝਦੇ ਹਨ ਕਿ ਉਹਨਾਂ ਨੇ ਬਾ-ਦਲੀਲ ਗੱਲ ਕੀਤੀ ਹੈ, ਇਹ ਉਹਨਾਂ ਦਾ ਨਜ਼ਰੀਆ ਹੋ ਸਕਦਾ ਹੈ। ਉਹਨਾਂ ਦੇ ਲਫ਼ਜ਼ਾਂ ਨੇ ਸਿੱਖਾਂ ਨੂੰ ਇਕ ਵਾਰ ਫਿਰ ਅਹਿਸਾਸ ਕਰਵਾ ਦਿੱਤਾ ਕਿ ਸਿੱਖ ਆਪਣੇ ਹੀ ਦੇਸ਼ ਵਿੱਚ ਬੇਗਾਨਿਆਂ ਵਾਂਗ ਰਹਿ ਰਹੇ ਹਨ।

**-ਅਕਾਲੀ ਪੱਤ੍ਰਕਾ**


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਇਸ ਹਫਤੇ ਦੇ ਪ੍ਰੋਗਰਾਮ**



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਛੋਟੇ ਸਾਹਿਬਜਾਦੇ, ਮਾਤਾ ਗੁਜਰੀ ਜੀ, ਸਾਕਾ ਸਰਹੰਦ ਅਤੇ ਜਨਮ ਦਿਹਾੜਾ ਸ. ਊਧਮ ਸਿੰਘ ਮਨਾਇਆ ਜਾਵੇਗਾ ਅਤੇ ਭਾਈ ਗੁਰਪ੍ਰੀਤ ਸਿੰਘ ਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ ਜਿਹਨਾਂ ਦੀ ਆਰੰਭਤਾ 28 ਦਸੰਬਰ ਦਿਨ ਵੀਰਵਾਰ ਨੂੰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 30 ਦਸੰਬਰ ਦਿਨ ਸ਼ਨਿਚਰਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*29 ਦਸੰਬਰ ਦਿਨ ਸ਼ੁੱਕਰਵਾਰ ਨੂੰ 2 ਅਖੰਡਪਾਠ ਸਾਹਿਬ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ ਜਿਹਨਾਂ ਦੀ ਆਰੰਭਤਾ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 31 ਦਸੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ, ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
1. ਭਾਈ ਬਲਕਰਨ ਸਿੰਘ ਪਰਿਵਾਰ ਵੱਲੋਂ 2. ਭਾਈ ਭੁਪਿੰਦਰ ਸਿੰਘ ਪਰਿਵਾਰ ਵੱਲੋਂ

*30 ਦਸੰਬਰ ਦਿਨ ਸ਼ਨਿਚਰਵਾਰ ਸਵੇਰੇ 9.30 ਵਜੇ ਨਗਰ ਮੁੱਦਕੀ ਦੀ ਸੰਗਤ ਵੱਲੋਂ ਸ਼ਹੀਦਾਂ ਦੀ ਯਾਦ ਵਿਚ ਅਖੰਡਪਾਠ ਸਾਹਿਬ ਅਤੇ ਟਿਪ ਟਾਪ ਪੇਂਟਿੰਗ ਦੇ ਭਾਈ ਜਸਪਾਲ ਸਿੰਘ ਹੀਰ ਵੱਲੋਂ ਆਰੰਭ ਹੋਣਗੇ ਅਤੇ ਭੋਗ 1 ਜਨਵਰੀ ਦਿਨ ਸੋਮਵਾਰ ਸਵੇਰੇ 9.30 ਵਜੇ ਪਾਏ ਜਾਣਗੇ, ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*30 ਦਸੰਬਰ ਦਿਨ ਸ਼ਨਿਚਰਵਾਰ ਸਵ. ਭਾਈ ਸੁਦਰਸ਼ਨ ਸਿੰਘ ਢਿੱਲੋਂ ਦਾ ਅੰਤਮ ਸਸਕਾਰ ਸਵੇਰੇ 11 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ, ਉਪਰੰਤ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਦੁਪਹਿਰ 12.30 ਵਜੇ ਹੋਵੇਗੀ।

*30 ਦਸੰਬਰ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ: 1. ਭਾਈ ਜਸਕਰਨ ਸਿੰਘ ਪਰਿਵਾਰ 2. ਭਾਈ ਜਗਦੀਪ ਸਿੰਘ ਪਰਿਵਾਰ ਵੱਲੋਂ

*30 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਹਰਵਿੰਦਰ ਸਿੰਘ ਪਰਿਵਾਰ 2. ਭਾਈ ਸੁਖਦੇਵ ਸਿੰਘ ਪਰਿਵਾਰ ਵੱਲੋਂ ਬੱਚੇ ਦੇ ਜਨਮ ਦੀ ਖੁਸ਼ੀ ਵਿਚ

*31 ਦਸੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੁਖਮੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*1 ਜਨਵਰੀ ਦਿਨ ਸੋਮਵਾਰ ਨੂੰ ਨਗਰ ਮੁੱਦਕੀ ਅਤੇ ਟਿਪ ਟੌਪ ਕੰਪਨੀ ਦੇ ਅਖੰਡਪਾਠ ਸਾਹਿਬ ਦੇ ਭੋਗ ਸਵੇਰੇ 9.30 ਵਜੇ ਪਾਏ ਜਾਣਗੇ,ਉਪਰੰਤ ਕੀਰਤਨ ਦਾ ਪ੍ਰਵਾਹ ਸਾਰਾ ਦਿਨ ਚੱਲੇਗਾ।

*2 ਜਨਵਰੀ ਦਿਨ ਮੰਗਲਵਾਰ ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਕੰਨਵਰ ਸਿੰਘ ਸੰਘੇੜਾ ਪਰਿਵਾਰ ਵੱਲੋਂ ਹੋਵੇਗੀ।

*3 ਜਨਵਰੀ ਦਿਨ ਬੁੱਧਵਾਰ ਦਸਮੇਸ਼ ਪਿਤਾ ਦੇ ਆਗਮਨ ਪੁਰਬ ਤੇ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਬਲਵਿੰਦਰ ਸਿੰਘ ਸਰਾਂ ਪਰਿਵਾਰ ਵੱਲੋਂ ਹੋਵੇਗੀ।
ਅਖੰਡਪਾਠ ਸਾਹਿਬ 3 ਜਨਵਰੀ ਦਿਨ ਬੁੱਧਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 5 ਜਨਵਰੀ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਅਮਰੀਕਾ 'ਚ ਮੰਦਰਾਂ ਦੀਆਂ ਕੰਧਾਂ 'ਤੇ ਖਾਲਿਸਤਾਨ ਲਿਖਣ ਦਾ ਮਾਮਲਾ

***ਗੁਰਦੀਪ ਸਿੰਘ ਸੰਧੂ**

ਨਿਊਜ਼ੀਲੈਂਡ ਵਿੱਚ ਵੀ ਇਹ ਵਰਤਾਰਾ ਭਾਜਪਾ ਵਰਕਰਾਂ ਵੱਲੋਂ ਕੀਤਾ ਗਿਆ, ਜੋ ਬਾਅਦ ਵਿੱਚ ਫੜੇ ਗਏ। ਗੁਰਪਤਵੰਤ ਪੰਨੂ ਦੇ ਕਤਲ ਦੀ ਸਾਜ਼ਿਸ਼ ਦਾ ਪਰਦਾਫਾਸ਼ ਹੋਣ ਤੋਂ ਪਹਿਲਾਂ ' ਅਮਰੀਕਾ ਦੀਆਂ ਨਜ਼ਰਾਂ ਵਿਚ ਸਿੱਖਾਂ ਨੂੰ ਬਦਨਾਮ ਕਰਨ ਲਈ ਇਹ ਸ਼ਾਜਿਸ਼ ਕੀਤੀ ਗਈ ਹੈ।ਇਹ ਕੋਈ ਨਵੀਂ ਗੱਲ ਨਹੀਂ ਹੈ, ਇਹ ਭਾਜਪਾ ਆਰਐੈਸਐੈਸ ਵਰਕਰਾਂ ਦੀ ਪੁਰਾਣੀ ਆਦਤ ਹੈ।


ਅਮਰੀਕਾ 'ਚ ਮੰਦਰ ਦੀ ਕੰਧ ਨੂੰ ਬਣਾਇਆ ਨਿਸ਼ਾਨਾ; ਲਿਖੇ ਖਾਲਿਸਤਾਨ ਪੱਖੀ ਨਾਅਰੇ

ਨਿਊਯਾਰਕ, 23 ਦਸੰਬਰ (ਪੀ. ਐਨ. ਆਈ.)-ਅਮਰੀਕਾ ਦੇ ਕੈਲੀਫੋਰਨੀਆ ਦੇ ਨੇਵਾਰਕ ਵਿਚ ਖਾਲਿਸਤਾਨੀ ਪੱਖੀ ਨਾਅਰੇ ਲਿਖਣ ਦੀ ਇਕ ਹੋਰ ਘਟਨਾ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਿਕ ਇਥੇ ਕੁਝ ਸ਼ਰਾਰਤੀ ਅਨਸਰਾਂ ਨੇ ਇਕ ਮੰਦਰ ਵਿਚ ਭੰਨਤੋੜ ਕੀਤੀ। ਇੰਨਾ ਹੀ ਨਹੀਂ ਇਨ੍ਹਾਂ ਲੋਕਾਂ ਨੇ ਮੰਦਰ ਦੀਆਂ ਕੰਧਾਂ 'ਤੇ ਭਾਰਤ ਵਿਰੋਧੀ ਨਾਅਰੇ ਵੀ ਲਿਖੇ ਹਨ। ਦੱਸਿਆ ਜਾ ਰਿਹਾ ਹੈ ਕਿ ਜਿਸ ਮੰਦਰ 'ਤੇ ਖਾਲਿਸਤਾਨ ਸਮਰਥਕਾਂ ਨੇ ਹਮਲਾ ਕੀਤਾ ਸੀ, ਉਹ ਵਾਸ਼ਿੰਗਟਨ ਡੀਸੀ ਤੋਂ 100 ਕਿਲੋਮੀਟਰ ਦੂਰ ਸਥਿਤ ਹੈ। ਹਿੰਦੂ ਅਮਰੀਕਨ ਫਾਊਂਡੇਸ਼ਨ ਵਲੋਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਗਈਆਂ ਤਸਵੀਰਾਂ 'ਚ ਸਾਫ ਦੇਖਿਆ ਜਾ ਸਕਦਾ ਹੈ ਕਿ ਇਸ ਮੰਦਰ ਦੀਆਂ ਕੰਧਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਹੋਏ ਹਨ। ਇੰਨਾ ਹੀ ਨਹੀਂ ਮੰਦਰ ਦੇ ਬੋਰਡ 'ਤੇ ਭਾਰਤ ਵਿਰੋਧੀ ਪੇਂਟਿੰਗ ਵੀ ਕੀਤੀ ਗਈ ਹੈ। ਹਿੰਦੂ- (ਬਾਕੀ ਸਫਾ 2 'ਤੇ)

ਜਦੋਂ ਮੈਂ ਫਿਰੋਜ਼ਪੁਰ ਦੇ ਯੂਨਾਈਟਿਡ ਅਕਾਲੀ ਦਲ ਦਾ ਜਨਰਲ ਸਕੱਤਰ ਸੀ (ਇਹ 1984 ਤੋਂ ਬਾਹਦ ਦੀ ਗੱਲ ਹੈ) ਉਸ ਸਮੇਂ ਵੀ ਗਊਆਂ ਦੀਆਂ ਪੂਛਾਂ 'ਤੇ ਸਿਰ ਮੰਦਰਾਂ ਵਿੱਚ ਸੁੱਟਣ ਦੀਆਂ ਕਾਰਵਾਈਆਂ ਹੁੰਦੀਆਂ ਸਨ ਅਤੇ ਮੈਨੂੰ ਸਿੱਖ ਅੰਮ੍ਰਿਤਧਾਰੀ ਮੁੰਡਿਆਂ ਦੀ ਯਾਦ ਆਉਂਦੀ ਹੈ ਜਿਨਾ ਨੂੰ ਅਵਤਾਰ ਸਿੰਘ ਐਸ.ਐਚ.ਓ. ਕੋਟ ਈਸਾ ਖਾਂ ਫੜਨ ਤੋਂ ਬਾਅਦ ਕੁੱਟ ਰਿਹਾ ਸੀ ਕਿ ਇਨਾ ਨੇ ਪੂਛਾਂ ਵੱਢ ਕੇ ਮੰਦਰ ਵਿੱਚ ਸੁੱਟੀਆਂ ਹਨ ਜੋ ਕਿ ਝੂਠਾ ਦੋਸ਼ ਸੀ।ਮੈਨੂੰ ਮਿਲੀ ਖੁਫੀਆ ਰਿਪੋਰਟ ਅਨੁਸਾਰ ਉਸ ਸਮੇਂ "ਪੰਡਤਾਂ ਦੀ ਇੱਕ ਕੁੜੀ ਨੇ ਹਿੰਦੂ ਮੁੰਡਿਆਂ ਦੀ ਇੱਕ ਟੀਮ ਬਣਾਈ ਸੀ ਇੱਕ ਰਾਤ ਇਸ ਟੀਮ ਨੇ ਕੋਟ ਈਸਾ ਖਾਂ ਦੇ ਇੱਕ ਡਾਕਟਰ ਦੇ ਘਰ ਨੂੰ ਲੁੱਟ ਲਿਆ।ਉਸ ਡਾਕਟਰ ਨੇ ਮੇਰੇ ਕੋਲ ਆ ਕੇ ਦੱਸਿਆ ਕਿ ਡਾਕੂਆਂ ਵਿੱਚ ਉਸੇ ਸ਼ਹਿਰ ਦੀ ਇੱਕ ਕੁੜੀ ਸੀ। ਬੇਸ਼ੱਕ ਸਾਰਿਆਂ ਦਾ ਚਿਹਰਾ ਢੱਕਿਆ ਹੋਇਆ ਸੀ ਪਰ ਮੈਂ ਉਸ ਦੀ ਆਵਾਜ਼ ਪਛਾਣਦਾ ਹਾਂ।

ਮੈਂ ਅਵਤਾਰ ਸਿੰਘ ਨੂੰ ਆਪਣੀ ਝੌਂਪੜੀ 'ਤੇ ਬੁਲਾਇਆ (ਕਿਉਂਕਿ ਉਸ ਸਮੇਂ ਪੁਲਿਸ ਦੇ ਆਪਸੀ ਝਗੜਿਆਂ ਦੇ ਕੇਸ ਵੀ ਫੈਸਲੇ ਲਈ ਮੇਰੀ ਝੌਂਪੜੀ ਤੱਕ ਪਹੁੰਚਦੇ ਸਨ ਅਤੇ ਮੈਂ ਉਨ੍ਹਾਂ ਦਾ ਫੈਸਲਾ ਕਰਦਾ ਰਿਹਾ ਕਿਉਂਕਿ ਹਰ ਰੋਜ਼ ਸਵੇਰੇ ਆਮ ਇਲਾਕੇ ਦੇ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਮੇਰੀ ਝੌਂਪੜੀ 'ਤੇ ਪਹੁੰਚ ਜਾਂਦੇ ਸਨ

ਮੈਂ ਅਵਤਾਰ ਸਿੰਘ ਐਸਐਚ ਓ ਨੂੰ ਇਸ ਬਾਰੇ ਦੱਸਿਆ ਤਾਂ ਉਸ ਨੇ ਮੇਰੀ ਗੱਲ ਨਹੀਂ ਮੰਨੀ।" ਲੇਡੀ ਪੁਲਿਸ ਫੋਰਸ ਕਾਂਸਟੇਬਲ ਜੀਰੇ ਤੋਂ ਉਸ ਲੜਕੀ ਨੂੰ ਥਾਣੇ ਲੈ ਆਈ, ਉਸਨੇ ਦੋ ਡੰਡੇ ਨਹੀਂ ਖਾਦੇ, ਸਭ ਕੁਝ ਦੱਸ ਦਿੱਤਾ। " ਉਸਦੇ ਘਰੋਂ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਟਰ ਪੈਡ ਵੀ ਜ਼ਬਤ ਕੀਤੇ ਗਏ ਜਿਸ 'ਤੇ ਉਹ ਲੋਕਾਂ ਤੋਂ ਪੈਸੇ ਲੁੱਟਦੇ ਸਨ, ਚਿੱਠੀਆਂ ਲਿਖ ਕੇ।

ਚੀਮਾ ਪਿੰਡ ਦਾ ਸਰਪੰਚ ਜਗਤਾਰ ਸਿੰਘ ਵੀ ਇਨ੍ਹਾਂ ਦਾ ਸ਼ਿਕਾਰ ਹੋਇਆ। ਉਹ ਖਾਲਿਸਤਾਨ ਕਮਾਂਡੋ ਫੋਰਸ ਚਿੱਠੀ ਲੈ ਕੇ ਮੇਰੇ ਕੋਲ ਆਇਆ ਇਹ ਸਾਬਤ ਨਹੀਂ ਹੋਇਆ ਕਿ ਇਹ ਕਿਸੇ ਖਾਲਿਸਤਾਨ ਕਮਾਂਡੋ ਫੋਰਸ ਦੀ ਚਿੱਠੀ ਹੈ।ਇਹ ਵੀ ਇਸ ਪੰਡਤਾਂ ਕੁੜੀ ਵੱਲੋਂ ਬਣਾਏ ਗੈਂਗ ਦਾ ਕਾਰਾ ਸੀ।ਜਦੋਂ ਪੰਡਤਾਂ ਦੀ ਕੁੜੀ ਨੇ ਸਾਰਾ ਕੁਝ ਦੱਸ ਦਿੱਤਾ ਤਾਂ ਅਵਤਾਰ ਸਿੰਘ ਠਾਣੇਦਾਰ ਨੇ ਸਿੱਖ ਮੁੰਡੇ ਛੱਡ ਦਿੱਤੇ। ਮੈਂ ਅਜੇ ਘਰ ਨਹੀਂ ਪਹੁੰਚਿਆ ਸੀ ਕਿ ਸ਼ਹਿਰ ਦੇ ਮਸ਼ਹੂਰ ਲਾਲੇ ਜਿਨ੍ਹਾਂ ਦਾ ਚੰਗਾ ਕਾਰੋਬਾਰ ਸੀ, ਬੇਸ਼ੱਕ ਉਹ ਕਾਂਗਰਸੀ ਸਨ ਪਰ ਮੇਰਾ ਸਤਿਕਾਰ ਕਰਦੇ ਹੋਏ ਮੇਰੇ ਘਰ ਆ ਗਏ। (ਬਿਨਾਂ ਕਿਸੇ ਸ਼ੱਕ ਦੇ, ਮੈਂ ਹਰ ਕਿਸੇ ਦੀ ਮਦਦਗਾਰ ਸਾਂ। ਕਾਮਰੇਡ ਕਾਂਗਰਸੀ ਸਾਰੇ ਮੇਰੇ ਘਰ ਆਏ ਅਤੇ ਕਿਹਾ ਕਿ ਜੇਕਰ ਤੁਸੀਂ ਚੋਣ ਲੜੋਗੇ ਤਾਂ ਅਸੀਂ ਪਾਰਟੀ ਤੋਂ ਉੱਪਰ ਉੱਠ ਕੇ ਤੁਹਾਡੀ ਮਦਦ ਕਰਾਂਗਾ) ਅਤੇ ਇੱਕ ਵਾਰ ਉਸ ਲੜਕੀ ਤੇ ਕਾਰਵਾਈ ਨਾ ਹੋਣ ਦਿਉ ਸ਼ਹਿਰ ਦੀ ਇੱਜ਼ਤ ਬੱਚ ਜਾਵੇਗੀ। ਕਾਰਵਾਈ ਨਾ ਕਰਨ ਦੀ ਬੇਨਤੀ ਕੀਤੀ।ਸਾਰਿਆਂ ਦੀ ਸਾਂਝੀ ਰਾਏ ਨਾਲ ਕਾਰਵਾਈ ਰੋਕ ਦਿੱਤੀ ਗਈ।

ਇਹ ਖਬਰ ਲਿਖਣ ਦਾ ਮਤਲਬ ਸਿਰਫ ਇਹ ਹੈ ਕਿ ਆਪਣੇ ਆਪ ਨੂੰ ਬਿਚਾਰੇ ਸਾਬਤ ਕਰਨਾ ਅਤੇ ਦੂਸਰਿਆਂ ਨੂੰ ਫਸਾਉਣਾ ਕੱਟੜ ਵਾਦੀਆਂ ਦੀ ਪੁਰਾਣੀ ਅ ਪੁਰਾਣੀ ਆਦਤ ਹੈ।ਇਸ ਲਈ ਅਮਰੀਕਾ ਵਿੱਚ ਸਿੱਖਾਂ ਦੀ ਵਧ ਰਹੀ ਸ਼ਾਖ ਨੂੰ ਖਰਾਬ ਕਰਨ ਲਈ ਅਤੇ ਗੁਰਪਤਵੰਤ ਪੰਨੂ ਸਾਜ਼ਿਸ਼ ਕੇਸ ਦੇ ਖੁੱਲਣ ਤੋਂ ਬਚਣ ਲਈ ਸਿੱਖਾਂ ਨੂੰ ਅਮਰੀਕਾ ਦੀਆਂ ਨਜ਼ਰਾਂ ਵਿੱਚ ਬਦਨਾਮ ਕਰਨ ਦੀ ਚਾਲ ਹੈ।


T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

ATLAS ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ


ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ।

ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨਲ਼ੀ, ਮਹਿਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾਲ਼ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579




ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋ਼ਲਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ ’ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤਲ਼ੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ ’ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬਗ਼ੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ। ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬਗ਼ੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ “ਨਕਸਵਾਮੀਕਾ”, “ਲਾਈਕੋਪੋਡੀਅਮ”, “ਸਲਫ਼ਰ”, “ਕਾਰਬੋ-ਵੈੱਜ”, “ਸਿਨਕੋਨਾ”, “ਮੈਗਮਿਊਰ”, “ਹਾਈਡ੍ਰਾਸਟੀਜ਼” ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ।

ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਇੱਕ ਕੰਡਕਟਰ ਦਾ ਵਿਆਹ ਹੋ ਰਿਹਾ ਸੀ, ਫੇਰੇ ਲੈ ਕੇ ਲਾੜੀ ਆ ਕੇ ਉਸਦੇ ਕੋਲ ਬੈਠ ਗਈ ਤਾਂ ਕੰਡਕਟਰ ਨੇ ਕਿਹਾ ਥੋੜਾ ਨੇੜੇ ਬੈਠੋ, ਉਹ ਇੱਕ ਹੋਰ ਸਵਾਰੀ ਬੈਠ ਸਕਦੀ ਹੈ!

888

ਸੰਤਾ: ਮੈਨੂੰ ਫ਼ੋਨ ਤੇ ਧਮਕੀਆਂ ਮਿਲ ਰਹੀਆ ਹਨ?

ਪੁਲਿਸ: ਕੀ ਕਹਿ ਕੇ ਧਮਕੀਆ ਦੇ ਰਹੇ ਹਨ?

ਸੰਤਾ: ਟੈਲੀਫੋਨ ਵਾਲੇ ਬੋਲਦੇ ਹਨ "ਬਿਲ ਨਹੀਂ ਭਰੋਗੇ ਤਾਂ ਕੱਟ ਦਿਆਗੇ।"

***********

ਇੱਕ ਦਿਨ ਸੰਤਾ ਮੰਦਰ ਗਿਆ, ਲੋਕ ਭਜਨ ਗਾ ਰਹੇ ਸੀ

"ਦਰਸ਼ਨ ਦੇ ਗਰੀਬਾਂ ਨੂੰ, ਦਰਸ਼ਨ ਦੇ ਗਰੀਬਾਂ ਨੂੰ"...

ਸੰਤੇ ਦੀ ਨੂੰਹ ਦਾ ਨਾਂ "ਦਰਸ਼ਨ ਰਾਣੀ" ਸੀ, ਸੰਤੇ ਨੂੰ ਗੁਸਾ ਆ ਗਿਆ,

ਤੇ ਓਹ ਭੀ ਉੱਚੀ ਉੱਚੀ ਗਾਉਣ ਲੱਗ ਪਿਆ, "ਦਰਸ਼ਨ ਮੇਰੇ ਮੁੰਡੇ ਦੀ ਬਹੂ, ਓਹ ਤਾ ਮੇਰੇ ਮੁੰਡੇ ਦੀ ਰਹੂ, ਬਾਕੀ ਗਲ ਨਸੀਬਾਂ ਦੀ, ਐਵੇਂ ਕਿਵੇ ਗਰੀਬਾਂ ਦੀ"

***********

ਇੱਕ ਬੱਚੇ ਦੀ ਨਾਨੀ ਛੋਟੇ ਬੱਚੇ ਨੂੰ ਸੁਲਾਅ ਲਈ ਸੀ ਤੇ ਕਹਿ ਰਹੀ ਸੀ ਸੌਂ ਜਾ 'ਡਿਗਰੀ' ਸੌਂ ਜਾ!

ਤਾਂ ਪੜੋਸਨ ਨੇ ਪੁਛਿਆ ਇਸਨੂੰ 'ਡਿਗਰੀ' ਕਿਉਂ ਬੁਲਾ ਰਹੀ ਹੈ?

ਤਾਂ ਨਾਨੀ ਨੇ ਕਿਹਾ, 'ਮੇਰੀ ਕੁੜੀ ਚੰਡੀਗੜ੍ਹ ਡਿਗਰੀ ਲੈਣ ਗਈ ਸੀ ਆਹ ਲੈ ਕੇ ਆ ਗਈ"!

***********

ਇਕ ਦਰਜ਼ੀ ਲੋਕਾਂ ਦੇ ਕਪੜੇ ਲੈ ਕੇ ਫਰਾਰ ਹੋ ਗਿਆ!

ਕੋਈ ਕਹਿੰਦਾ ਮੇਰੀ ਪੈਂਟ ਲੈ ਗਿਆ,ਕੋਈ ਕਹਿੰਦਾ ਮੇਰੀ ਕਮੀਜ਼ ਲੈ ਗਿਆ,

ਬਸੰਤੀ ਨੇ ਰੋਂਦੀ ਹੋਈ ਕਹਿੰਦੀ "ਰਾਇ ਰੱਬਾ ਮੈਂ ਕੀ ਕਰੂੰਗੀ ਮੇਰਾ ਤਾਂ ਨਾਪ ਮੈ ਲੈ ਕੈ ਗਿਆ......

***********

ਅਧਿਆਪਕ : ਰਾਜੂ, ਤੂੰ ਕਿਸ ਲਈ ਕਾਲਜ ਆਏ ਹੋ? ,

ਵਿਦਿਆਰਥੀ: ਵਿਦਿਆ ਲਈ!

ਟੀਚਰ: ਤਾਂ ਫਿਰ ਕਲਾਸ ਵਿੱਚ ਸੁੱਤਾਂ ਕਿਉਂ ਪਿਆ?

ਵਿਦਿਆਰਥੀ: 'ਸਰ! ਅੱਜ ਵਿਦਿਆ ਨਹੀਂ ਆਈ'

888

ਡਾਕਟਰ (ਮਰੀਜ਼ ਨੂੰ) ਇਹ ਦਵਾ ਇੱਕ ਹਫਤੇ ਲਈ ਲਵੋ ਫਿਰ ਆ ਕੇ ਮਿਲੋ!

ਮਰੀਜ਼: ਠੀਹ ਹੈ ਡਾਕਟਰ ਸਾਹਿਬ

( ਇੱਕ ਹਫਤੇ ਮਗਰੋਂ))

ਡਾਕਟਰ:ਕੀ ਦਵਾ ਖਤਮ ਹੋ ਗਈ?

ਮਰੀਜ਼: ਨਹੀਂ ਡਾਕਟਰ।

ਡਾਕਟਰ : ਕਿਉ ਨਹੀਂ ?

ਮਰੀਜ਼: ਦਵਾਈ ਤੇ ਲਿਖਿਆ ਸੀ ਬੋਤਲ ਕੋ ਹਮੇਸ਼ਾਂ ਬੰਦ ਰਖੋ।

***********

ਰਾਮੂ ( ਆਪਣੇਂ ਦੋਸਤ ਨੂੰ)-ਅਗਰ ਤੈਨੂੰ 1 ਲੱਖ ਮਿਲ ਜਾਵੇ ਤਾਂ ਕੀ ਕਰੇਂਗਾ?

ਸ਼ਾਮੂ-ਮੈਂ ਖੁਸ਼ੀ ਵਿੱਚੇ ਪਾਗਲ ਹੋ ਜਾਉਂਗਾ ਅਤੇ ਜ਼ਿੰਦਗੀ ਭਰ ਇਨਾ ਪੈਸਿਆਂ ਨਾਲ ਆਪਣਾ ਇਲਾਜ ਕਰਾਂਵਾਂਗਾ..

***********

ਦੀਪੂ ( ਦੋਸਤ ਨੂੰ)-ਓਏ, ਭਾਬੀ ਦਾ ਕੀ ਨਾਮ ਹੈ?

ਰਿੰਪੂ -ਗੂਗਲ ਦੇਵੀ!

ਦੀਪੂ:-ਇਹ ਕਿਹੋ ਜਿਹਾ ਨਾਮ?

ਰਿੰਪੂ-ਸਵਾਕ ਇੱਕ ਪੁੱਛੋ ਜਵਾਬ 10 ਦਿੰਦੀ ਹੈ।

***********

ਪਤੀ: ਮੈਨੂੰ ਲੱਗਦਾ ਹੈ ਕਿ ਸਾਨੂੰ ਪੰਜਾਬੀ ਸਿੱਖਣੀ ਚਾਹੀਦੀ ਹੈ!

ਪਤਨੀ : ਕਿਉਂ ?

ਪਤੀ: ਅਸੀਂ ਇੱਕ ਪੰਜਾਬੀ ਬੱਚਾ ਗੋਦ ਲਿਆ ਹੈ। ਜਦੋਂ ਉਹ ਵੱਡਾ ਹੋ ਗਿਆ ਤੇ ਗੱਲਾਂ ਕਰੇਗਾ, ਤਾਂ ਅਸੀਂ ਇਹ ਨਹੀਂ ਸਮਝ ਸਕਾਂਗੇ ਕਿ ਉਹ ਕੀ ਕਹਿ ਰਿਹਾ ਹੈ।

888

ਵਾਹ ਜੀ ਵਾਹ

ਜਿਹਨਾਂ ਦੀ ਸ਼ਕਲ ਮਿਲਦੀ ਹੈ ਉਹ ਭੈਣ ਭਰਾ ਹੁੰਦੇ ਹਨ!ਜਿਹਨਾਂ ਦੀ ਅਕਲ ਮਿਲਦੀ ਉਹ ਦੋਸਤ ਹੁੰਦੇ ਹਨ! ਜਿਨ੍ਹਾਂ ਦੀ ਨਾ ਅਕਲ ਮਿਲਦੀ ਨਾ ਸ਼ਕਲ ਉਹ ਪਤੀ ਪਤਨੀ ਹੁੰਦੇ ਹਨ !!!

***********

ਅਸ਼ੋਕ, "ਘਰ ਦਾ ਸੇਬ ਦਾਲ ਬਰਾਬਰ।"

ਸੋਨੂੰ, "ਭਰਾ, ਇਹ ਮੁਹਾਵਰਾ ਤਾਂ ਮੁਰਗੀ ਬਾਰੇ ਹੈ।"

ਅਸ਼ੋਕ, "ਪਤਾ ਹੈ ਯਾਰ, ਪਰ ਅਸੀਂ ਵੈਜੀਟੇਰੀਅਨ ਹਾਂ।"

***********

ਰਵੀ, "ਓਏ, ਤੇਰਾ ਇੱਕ ਦੰਦ ਨੀਲਾ ਕਿਉਂ ਹੈ?"

ਸੁਰਜੀਤ, "ਮੈਂ ਸਿਆਹੀ ਲਾਈ ਹੈ।"

ਰਵੀ, "ਕਿਉਂ?"

ਸੁਰਜੀਤ, "ਕਿਉਂਕਿ ਅੱਜਕੱਲ੍ਹ ਬਲੂਟੁੱਥ ਦਾ ਜ਼ਮਾਨਾ ਹੈ।"

***********

ਇੱਕ ਵਾਰ ਇੱਕ ਕੀੜੀ ਆਟੋ ਵਿੱਚ ਜਾ ਰਹੀ ਸੀ। ਉਸ ਨੇ ਆਪਣਾ ਪੈਰ ਆਟੋ 'ਚ ਬਾਹਰ ਕੱਢ ਲਿਆ, "ਆਟੋ ਵਾਲਾ ਬੋਲਿਆ, "ਮੈਡਮ, ਆਪਣਾ ਪੈਰ ਅੰਦਰ ਕਰ ਲਵੋ।"

ਕੀੜੀ, "ਤੂੰ ਚੁੱਪ ਕਰ, ਮੈਂ ਹਾਥੀ ਨੂੰ ਲੱਤ ਮਾਰਨੀ ਹੈ, ਉਸ ਨੇ ਮੈਨੂੰ ਕੱਲ੍ਹ ਅੱਖ ਮਾਰੀ ਸੀ।"

***********

ਰੋਹਿਤ, "ਯਾਰ, ਤੂੰ ਆਪਣੀ ਪਤਨੀ ਨੂੰ ਹਮੇਸ਼ਾ ਨਾਈਟ ਕਲੱਬ ਹੀ ਕਿਉਂ ਲੈ ਕੇ ਜਾਂਦਾ ਏਂ?"

ਮੋਹਿਤ, "ਕੀ ਕਰਾਂ ਯਾਰ, ਜਦੋਂ ਤੱਕ ਉਹ ਤਿਆਰ ਹੁੰਦੀ ਹੈ, ਨਾਈਟ ਕਲੱਬ ਤੋਂ ਇਲਾਵਾ ਸਾਰੀਆਂ ਥਾਵਾਂ ਬੰਦ ਹੋ ਚੁੱਕੀਆਂ ਹੁੰਦੀਆਂ ਹਨ।"

***********

ਇੱਕ ਸਾਹਿਬ ਨੇ ਅਨਪੜ੍ਹ ਨੌਕਰ ਰੱਖ ਲਿਆ। ਉਨ੍ਹਾਂ ਨੌਕਰ ਨੂੰ ਕਿਹਾ, "ਕਿਸੇ ਦਾ ਵੀ ਨਾਂਅ ਲੈਣ ਤੋਂ ਪਹਿਲਾਂ ਜੀ ਜ਼ਰੂਰ ਲਾ ਲਿਆ ਕਰ।"

ਥੋੜ੍ਹੀ ਦੇਰ ਬਾਅਦ ਨੌਕਰ ਭੱਜਦਾ ਹੋਇਆ ਆਇਆ ਅਤੇ ਮਾਲਕ ਨੂੰ ਬੋਲਿਆ, "ਸਾਹਿਬ ਜੀ, ਕੁੱਤੇ ਜੀ ਨੇ ਮੁਰਗੇ ਜੀ ਨੂੰ ਫੜ ਲਿਆ ਹੈ।"

***********

ਦੋ ਔਰਤਾਂ ਗੱਲਾਂ ਕਰ ਰਹੀਆਂ ਸਨ। ਪਹਿਲੀ, "ਭੈਣੇ, ਤੂੰ ਰੋਜ਼ ਆਪਣੇ ਪਤੀ ਨਾਲ ਸਿਰਫ 15-20 ਮਿੰਟ ਹੀ ਲੜਦੀ ਏਂ ਤਾਂ ਫਿਰ ਕੱਲ੍ਹ ਰਾਤ ਘੰਟਿਆਂ ਬੱਧੀ ਕਿਉਂ ਲੜਦੀ ਰਹੀ?"

ਦੂਜੀ, "ਉਹ ਇੱਕ ਹਫਤੇ ਲਈ ਟੂਰ 'ਤੇ ਜਾ ਰਿਹਾ ਸੀ ਨਾ। ਕੋਟਾ ਤਾਂ ਪੂਰੀ ਕਰਨਾ ਸੀ।"88

ਅਧਿਆਪਕਾ, "ਇੱਕ ਦਿਨ ਅਜਿਹਾ ਆਏਗਾ ਜਦੋਂ ਧਰਤੀ 'ਤੇ ਪਾਣੀ ਨਹੀਂ ਰਹੇਗਾ। ਸਾਰੇ ਜੀਵ ਨਸ਼ਟ ਹੋ ਜਾਣਗੇ। ਧਰਤੀ ਤਬਾਹ ਹੋ ਜਾਏਗੀ।"

ਪੱਪੂ, "ਮੈਡਮ ਜੀ, ਉਸ ਦਿਨ ਵੀ ਟਿਊਸ਼ਨ ਆਉਣਾ ਪਵੇਗਾ।"

***********

ਦੋਸਤ ਦੇ ਵਿਆਹ 'ਚ ਪ੍ਰਵੀਨ ਨੇ ਮਨੋਜ ਤੋਂ ਪੁੱਛਿਆ, "ਕੀ ਤੁਸੀਂ ਡਾਂਸ ਕਰਨਾ ਪਸੰਦ ਕਰੋਗੇ?"

ਮਨੋਜ ਖੁਸ਼ ਹੁੰਦੇ ਹੋਏ ਬੋਲਿਆ, "ਹਾਂ-ਹਾਂ।"

ਪ੍ਰਵੀਨ, "...ਤਾਂ ਫਿਰ ਉਠੋ, ਤੁਹਾਡੀ ਕੁਰਸੀ ਮੈਂ ਲੈ ਲਵਾਂ।"

***********

ਅਧਿਆਪਕ, "ਇੰਨੀ ਮਾਰ ਖਾ ਕੇ ਹੱਸ ਰਹੇ ਹੋ, ਸ਼ਰਮ ਆਉਣੀ ਚਾਹੀਦੀ ਹੈ ਤੁਹਾਨੂੰ?"

ਵਿਦਿਆਰਥੀ, "ਸ਼ਰਮ ਕਾਹਦੀ ਸਰ! ਵਿਦਵਾਨਾਂ ਦਾ ਕਹਿਣਾ ਹੈ ਕਿ ਮੁਸੀਬਤਾਂ ਨੂੰ ਹੱਸ ਕੇ ਝੱਲਣਾ ਚਾਹੀਦਾ ਹੈ।"

***********

ਡਾਕਟਰ ਨੇ ਲਾਲੂ ਦਾ ਚੈਕਅਪ ਕੀਤਾ ਅਤੇ ਬਾਹਰ ਆ ਕੇ ਉਸ ਦੀ ਪਤਨੀ ਨੂੰ ਕਿਹਾ, "ਆਪਣੇ ਪਤੀ ਨੂੰ ਰੋਜ਼ਾਨਾ ਪੌਸ਼ਟਿਕ ਨਾਸ਼ਤਾ ਦਿਓ। ਉਨ੍ਹਾਂ ਨੂੰ ਹਮੇਸ਼ਾ ਖੁਸ਼ ਰੱਖੋ।

ਕਿਸੇ ਪ੍ਰੇਸ਼ਾਨੀ 'ਤੇ ਉਨ੍ਹਾਂ ਨਾਲ ਬਹਿਸ ਨਾ ਕਰੋ। ਟੀ ਵੀ ਸੀਰੀਅਲ ਦੇਖਣੇ ਛੱਡ ਦਿਓ। ਨਵੇਂ ਕੱਪੜਿਆਂ ਅਤੇ ਗਹਿਣਿਆਂ ਦੀ ਮੰਗ ਨਾ ਕਰੋ ਅਤੇ ਉਨ੍ਹਾਂ ਨੂੰ ਬੋਲਣ ਦਾ ਮੌਕਾ ਦਿਓ। ਜੇ ਤੁਸੀਂ ਇੱਕ ਸਾਲ ਅਜਿਹਾ ਕਰੋਗੇ ਤਾਂ ਤੁਹਾਡੇ ਪਤੀ ਬਿਲਕੁਲ ਠੀਕ ਹੋ ਜਾਣਗੇ।

ਉਥੋਂ ਵਾਪਸ ਆਉਣ ਵੇਲੇ ਲਾਲੂ ਨੇ ਪਤਨੀ ਨੂੰ ਪੁੱਛਿਆ, "ਡਾਕਟਰ ਨੇ ਕੀ ਦੱਸਿਆ?

"ਪਤਨੀ, "ਡਾਕਟਰ ਨੇ ਕਿਹਾ ਹੈ ਕਿ ਤੁਹਾਡਾ ਬਚਣਾ ਮੁਸ਼ਕਲ ਹੈ।"

***********










# ਬ.ਲਦਾਂ ਵਾ.ਲਾ ਸਰਦਾਰ

ਦੀਪੂ ਅਜੇ ਛੋਟਾ ਹੀ ਸੀ ਜਦੋਂ ਉਸਦੇ ਪਿਤਾ ਦੀ ਮੌਤ ਹੋ ਗਈ ।ਉਸਤੋਂ ਛੋਟੀ ਉਸਦੀ ਭੈਣ ਚੰਨੀ ਸੀ । ਸ਼ਰੀਕਾਂ ਨੂੰ ਲੱਗਿਆ ਜੋ ਚਾਰ ਸਿਆੜ ਪੈਲ਼ੀ ਦੇ ਦੀਪੂ ਨੂੰ ਆਂਉਦੇ ਹਨ , ਉਹ ਘਰ ਦਾ ਖਰਚ- ਪਾਣੀ ਚਲਾਉਣ ਲਈ ਦੀਪੂ ਹੋਰਾਂ ਨੂੰ ਵੇਚਣੇ ਪੈਣਗੇ।ਪਰ ਦੀਪੂ ਦੀ ਮਾਂ ਨੇ ਬੰਦਿਆਂ ਵਾਂਗ ਖੇਤੀ ਦਾ ਕੰਮ ਕਰਦਿਆਂ ਆਪਣੀ ਜਮੀਨ ਵਿੱਕਣ ਤੋਂ ਬਚਾ ਲਈ । ਜਦ ਨੂੰ ਦੀਪੂ ਗੱਭਰੂ ਹੋ ਗਿਆ ਤੇ ਚੰਨੀ ਮੁਟਿਆਰ ਹੋ ਗਈ। ਉਹਨਾਂ ਦੀ ਮਾਂ ਕੰਮ ਕਰਦੀ ਅਜੇ ਵੀ ਨਾ ਥੱਕਦੀ । ਜਾਣੀ ਉਸਨੂੰ ਪਤਾ ਹੀ ਨਾ ਹੋਵੇ ਕਿ ਥਕੇਵਾਂ ਕੀ ਚੀਜ਼ ਹੁੰਦੀ ਆ।

ਚੰਨੀ ਸੁੱਖ ਨਾ.ਲ ਸੋਹਣੀ - ਸਨੁੱਖੀ ਤੇ ਸੁਚੱਜੀ ਕੁੜੀ ਸੀ । ਉਸਦਾ ਰਿਸ਼ਤਾ ਚੰਗੇ ਵੱਡੇ ਘਰ ਤੋਂ ਆਇਆ ਤਾਂ ਦੀਪੂ ਹੁਰਾਂ ਨੇ ਝੱਟ ਹਾਂ ਕਰ ਦਿੱਤੀ । ਬ.ਲਦਾਂ ਨਾ.ਲ ਖੇਤੀ ਕਰਨ ਵਾ.ਲੇ ਦੀਪੂ ਨੂੰ , ਟਰੈਕਟਰ ਨਾ.ਲ ਖੇਤੀ ਕਰਨ ਵਾ.ਲੇ ਚੰਨੀ ਦੇ ਸਹੁਰੇ ਮਿ.ਲ ਗਏ ਸਨ । ਉਸ ਸਮੇਂ ਟਰੈਕਟਰ ਵੀ ਪਿੰਡ ਵਿੱਚ ਪੰਜ -ਸੱਤ ਕੁ ਰੱਜੇ -ਪੁੱਜੇ ਘਰਾਂ ਕੋ.ਲ ਹੀ ਹੁੰਦੇ ਸਨ ।ਉਹ ਸਾਰੇ ਬਹੁਤ ਖੁਸ਼ ਸਨ । ਉਸ ਵੇ.ਲੇ ਦੀਪੂ ਦੇ ਘਰ ਨਾ ਟੈਲੀਵੀਜ਼ਨ ਸੀ ਤੇ ਨਾ ਫ਼ਰਿੱਜ ।ਪਰ ਦੀਪੂ ਨੇ ਆਪਣੀ ਛੋਟੀ ਭੈਣ ਚੰਨੀ ਦੇ ਵਿਆਹ ਵਿੱਚ ਕੋਈ ਕਸਰ ਨਾ ਛੱਡਦਿਆਂ ਉਸਨੂੰ ਟੈਲੀਵੀਜ਼ਨ ਅਤੇ ਫ਼ਰਿੱਜ ਵੀ ਲੈ ਕੇ ਦਿੱਤੇ । ਕੁਝ ਕਰਜ਼ੇ ਤੇ ਰੁਪਈਏ ਵੀ ਉਸਨੂੰ ਲੈਣੇ ਪਏ ।

ਫੇਰ ਵਿਆਹ ਤੋਂ ਮਹੀਨੇ ਕੁ ਬਾਅਦ ਚੰਨੀ ਮਿਲਣ ਪਿੰਡ ਆਈ ।

"ਚੰਨੀ ਟੈਲੀਵੀਜ਼ਨ ਕਿਵੇਂ ਚੱਲਦਾ ?" ਦੀਪੂ ਨੂੰ ਬੜਾ ਚਾਅ ਸੀ , ਟੈਲੀਵੀਜ਼ਨ ਦਿੱਤੇ ਦਾ ।

" ਵੀਰੇ ਉਹ ਤਾਂ ਉਵੇਂ ਹੀ ਪਿਆ , ਐਨਟੀਨਾਂ ਲਿਆ ਨੀ ਅਜੇ ਉਹਨਾਂ ਨੇ ।"

" ਅੱਛਾ , ਲੱਗਦਾ ਹਾੜੀ ਵੇਚ ਕੇ ਲੈਣਗੇ , " ਦੀਪੂ ਨੇ ਗੱਲ ਹਾਸੇ ਵਿੱਚ ਪਾ ਦਿੱਤੀ ।

ਫੇਰ ਹਾੜੀ ਵੇਚ -ਵੱਟ ਕੇ ਦੀਪੂ ਚੰਨੀ ਨੂੰ ਮਿਲਣ ਗਿਆ। ਟੈਲੀਵੀਜ਼ਨ ਅਜੇ ਵੀ ਗੱਤੇ ਦੇ ਡੱਬੇ ਵਿੱਚ ਬੰਦ ਪਿਆ ਸੀ ।ਚੰਨੀ ਨੇ ਪਾਸੇ ਕਰਕੇ ਦੀਪੂ ਨੂੰ ਕਿਹਾ , " ਵੀਰੇ , ਇਹਨਾਂ ਨੇ ਨੀ ਐਨਟੀਨਾ ਲੈਣਾ , ਮੇਰੀ ਸੱਸ ਕਈ ਵਾਰੀ ਸੁਣਾਈ ਕਰ ਚੁੱਕੀ ਆ । ਕਹਿੰਦੀ ਛੱਤਰੀ ਤੋਂ ਬਿਨਾਂ ਇਹ ਕੀ ਕਰਨਾ ਸੀ । "

" ਅੱਛਾ , ਕੋਈ ਨਾ ਮੈਂ ਐਨਟੀਨਾਂ ਕੱਲ੍ਹ ਨੂੰ ਬਜ਼ਾਰੋਂ ਲੈ ਕੇ ਰਿਕਸ਼ੇ ਉੱਤੇ ਲਦਵਾ ਕੇ ਭੇਜ ਦੇਵਾਂਗਾ । " ਦੀਪੂ ਨੇ ਕਿਹਾ ।

ਦੀਪੂ ਨੇ ਐਨਟੀਨਾਂ ਭੇਜਿਆ ਤੇ ਤਾਂ ਕਿਤੇ ਜਾ ਕੇ ਟੈਲੀਵੀਜ਼ਨ ਚੱਲਣ ਲੱਗਿਆ ।

ਉਸਤੋਂ ਬਾਅਦ ਦੀਪੂ ਨੇ ਆਪਣਾ ਵਿਆਹ ਬਿਨਾਂ ਦਾਜ -ਦਹੇਜ ਤੋਂ ਬਹੁਤ ਹੀ ਸਾਦੇ ਢੰਗ ਨਾ.ਲ ਕਰਵਾਇਆ ।

ਦੀਪੂ ਦੇ ਵਿਆਹ ਤੇ ਚੰਨੀ ਵੀ ਬੜੇ ਚਾਅ ਨਾ.ਲ ਆਪਣੇ ਘਰਵਾ.ਲੇ ਨਾ.ਲ ਆਈ । ਵਿਆਹ ਤੋਂ ਅਗਲੇ ਦਿਨ ਚੰਨੀ ਨੇ ਜੱਕਦੇ ਜਿਹੇ ਦੀਪੂ ਨੂੰ ਇੱਕ ਪਾਸੇ ਬੁਲਾ ਕੇ ਕਿਹਾ , " ਵੀਰੇ ਸਾਡੇ ਘਰ ਨਾ ਕੱਪੜੇ ਧੋਣ ਵਾ.ਲੀ ਮਸ਼ੀਨ ਹੈ ਨੀ , ਮੇਰੀ ਸੱਸ ਕਹਿੰਦੀ ਸੀ ,

ਕਿ ਭਰਾ ਦੇ ਵਿਆਹ ਤੇ ਚੱਲੀ ਆਂ ਸੁੱਖ ਨਾ.ਲ , ਮਸ਼ੀਨ ਲੈ ਆਵੀਂ ਤੈਨੂੰ ਸੁੱਖ ਹੋ ਜੂ , ਅਸੀਂ ਤਾਂ ਥਾਪੀਆਂ ਨਾ.ਲ ਹੀ ਮੱਥਾ ਮਾਰਿਆ ਸਾਰੀ ਉੱਮਰ ।"

ਇਹ ਸੁਣ ਕੇ ਦੀਪੂ ਸੁੰਨ ਜਿਹਾ ਹੋ ਗਿਆ । ਅਜੇ ਤੱਕ ਤਾਂ ਉਹ ਚੰਨੀ ਦੇ ਵਿਆਹ ਦਾ ਕਰਜ਼ਾ ਨਹੀਂ ਸੀ ਮੋੜ ਸਕਿਆ । " ਅੱਛਾ , ਚੱਲ ਕੋਈ ਨਾ ਜੇ ਕਿਹਾ ਮਾਸੀ ਨੇ ਤਾਂ ਕਰ ਲੈਨੇ ਆਂ ਕੋਈ ਹੀਲਾ । " ਕੁਝ ਦਿਨਾਂ ਵਿੱਚ ਹੀ ਦੀਪੂ ਕੱਪੜੇ ਧੋਣ ਵਾ.ਲੀ ਮਸ਼ੀਨ ਚੰਨੀ ਦੇ ਸਹੁਰੇ ਪਿੰਡ ਛੱਡ ਆਇਆ।

ਸਾਲ ਕੁ ਬਾਅਦ ਚੰਨੀ ਫੇਰ ਪਿੰਡ ਆਈ ।

" ਵੀਰੇ ਮੇਰੀ ਸੱਸ ਕਹਿੰਦੀ ਸੀ , ਉਹ ਜਦ ਵਿਆਹੀ ਆਈ ਸੀ ਤਾਂ ਉਹਦੇ ਪਿਓ ਨੇ ਬੜੀ ਵਧੀਆ ਮੱਝ ਦਿੱਤੀ ਸੀ , ਤੂੰ ਵੀ ਆਪਣੇ ਭਰਾ ਤੋਂ ਝੋਟੀ ਲੈ ਆਵੀਂ।" ਚੰਨੀ ਨੇ ਦੀਪੂ ਨੂੰ ਕਿਹਾ।

ਦੀਪੂ ਸੁਣ ਕੇ ਹੈਰਾਨ ਹੋ ਗਿਆ। "ਉਹ ਪੁਰਾਣੇ ਵੇ.ਲੇ ਸੀ।ਅੱਜ -ਕੱਲ੍ਹ ਮੱਝਾਂ ਕੌਣ ਦਿੰਦਾ ਭਲਾਂ ? " ਦੀਪੂ ਨੇ ਸਵਾਲੀਆ ਨਿਗ੍ਹਾ ਨਾ.ਲ ਚੰਨੀ ਵੱਲ ਵੇਖਿਆ।

" ਵੀਰੇ , ਮੇਰੀ ਸੱਸ ਤਾਂ ਵੀਹ ਵਾਰੀ ਸੁਣਾਈ ਕਰ ਚੁੱਕੀ ਆ ਮੈਨੂੰ , ਉਹਨੇ ਨੀ ਮੈਨੂੰ ਟਿਕਣ ਦੇਣਾ ।"

" ਅੱਛਾ " ਦੀਪੂ ਨੇ ਕਿਹਾ ।

" ਸਾ.ਲੇ ਨੰਗ ਕਿਤੋਂ ਦੇ "

ਉਹ ਮੂੰਹ ਵਿੱਚ ਬੁੜਬੁੜਾਇਆ ।

ਤਿੰਨ ਸਾਲ ਵਿੱਚ ਪਾ.ਲੀ ਝੋਟੀ ਉਸਨੂੰ ਚੰਨੀ ਦੇ ਸਹੁਰੇ ਪਿੰਡ ਛੱਡ ਕੇ ਆਉਣੀ ਪਈ ।

ਫੇਰ ਦੀਪੂ ਦੇ ਘਰ ਮੁੰਡਾ ਹੋ ਗਿਆ । ਚੰਨੀ ਲੋਹੜੀ ਤੇ ਆਈ।

ਲੋਹੜੀ ਤੋਂ ਅਗਲੇ ਦਿਨ ਰਿਸ਼ਤੇਦਾਰਾਂ ਵਿੱਚ ਘਿਰੇ ਦੀਪੂ ਨੂੰ ਚੰਨੀ ਨੇ ਇੱਕ ਪਾਸੇ ਆ ਕੇ ਗੱਲ ਸੁਣਨ ਨੂੰ ਕਿਹਾ । ਦੀਪੂ ਨੇ ਚੰਨੀ ਵੱਲ ਇਸ ਤਰਾਂ ਵੇਖਿਆ ਜਿਵੇਂ ਬੱਕਰਾ ਕਸਾਈ ਵੱਲ ਦੇਖਦਾ ਹੁੰਦਾ ।

" ਤੁਸੀਂ ਤਾਂ ਨਾ ਜਾਇਓ ਅੱਜ ਚੰਨੀ , ਕੱਲ੍ਹ ਨੂੰ ਚਲੇ ਜਾਇਓ ।"

" ਉਹ ਤਾਂ ਠੀਕ ਆ ਵੀਰੇ , ਮੇਰੀ ਸੱਸ ਕਹਿੰਦੀ ਸੀ , ਗਰਮੀ ਵਿੱਚ ਔਖਾ ਹੁੰਦਾ । ਜੇ ਲੋਹੜੀ ਤੇ ਗਈ ਤਾਂ ਕੂਲਰ ਲੈ ਆਵੀਂ । " ਚੰਨੀ ਨੇ ਦੀਪੂ ਦੀ ਗੱਲ ਵਿਚਾਲਿਓ ਕੱਟਦਿਆਂ ਆਪਣੀ ਗੱਲ ਪੂਰੀ ਕੀਤੀ ।"

ਚੰਨੀ ਦੀ ਗੱਲ ਸੁਣਕੇ ਦੀਪੂ ਨੇ ਲੰਬਾ ਸਾਹ ਲਿਆ । ਉਹ ਨੀਲੇ ਅਸਮਾਨ ਵੱਲ ਨੂੰ ਦੇਖਣ ਲੱਗਿਆ । ਜਿਵੇਂ ਰੱਬ ਤੋਂ ਪੁੱਛ ਰਿਹਾ ਹੋਵੇ , ਚੰਨੀ ਦੀ ਸੱਸ ਵਰਗੇ ਇਨਸਾਨ ਵੀ ਤੇਰੀ ਦੇਣ ਨੇ । ਕਈ ਵਾਰੀ ਉਸਨੂੰ ਸ਼ੱਕ ਪੈਂਦਾ , ਚੰਨੀ ਦੀ ਸੱਸ ਕਾਹਨੂੰ ਮੰਗਦੀ ਹੋਣੀ ਆਂ , ਇਹ ਤਾਂ ਚੰਨੀ ਦਾ ਆਪਣਾ ਲਾਲਚ ਆ । ਉਹ ਹੀ ਆਨੀ - ਬਹਾਨੀ ਉਸਦਾ ਘਰ ਖਾਲੀ ਕਰਨ ਤੇ ਤੁਲੀ ਹੋਈ ਆ । ਮਰਦਾ ਕੀ ਨਾ ਕਰਦਾ । ਉਹ ਕੂਲਰ ਵੀ ਦੇ ਆਇਆ ।

ਸਮਾਂ ਬੀਤਦਾ ਗਿਆ । ਟਰੈਕਟਰ ਨਾ.ਲ ਖੇਤੀ ਕਰਨ ਵਾਲਿਆਂ ਦਾ ਘਰ , ਦੀਪੂ ਬ.ਲਦਾਂ ਨਾ.ਲ ਖੇਤੀ ਕਰਕੇ ਭਰਦਾ ਰਿਹਾ । ਚੰਨੀ ਸੱਠ ਸਾਲ ਦੀ ਹੋ ਗਈ । ਚੰਨੀ ਨੇ ਆਪਣੇ ਦੋਨੇ ਬੱਚੇ , ਮੁੰਡਾ ਤੇ ਕੁੜੀ ਵੀ ਵਿਆਹ ਲਏ । ਦੀਪੂ ਨੇ ਨਾਨਕ ਸ਼ੱਕਾਂ ਤੇ ਵੀ ਆਪਣੀ ਹੈਸੀਅਤ ਨਾ.ਲੋਂ ਵੱਧ ਕੇ ਖਰਚ ਕਰਿਆ ਸੀ ।

ਹੁਣ ਚੰਨੀ ਦੀ ਸੱਸ ਦਾ ਅੰਤਿਮ ਸਮਾਂ ਨੇੜੇ ਆ ਚੁੱਕਿਆ ਸੀ । ਦੀਪੂ ਚੰਨੀ ਦੀ ਸੱਸ ਦੀ ਖ਼ਬਰ ਲੈਣ ਉਸਦੇ ਸਹੁਰੇ ਪਿੰਡ ਗਿਆ ਸੀ, ਕਿਉਂਕਿ ਚੰਨੀ ਦੀ ਸੱਸ ਕਈ ਦਿਨਾਂ ਤੋਂ ਬਿਮਾਰ ਪਈ ਸੀ ।

" ਮਾਸੀ ਜੀ ਕਿਵੇਂ ਓ ।" ਇਹ ਕਹਿ ਕੇ ਦੀਪੂ ਉਸਦੇ ਮੰਜੇ ਦੀ ਪੈਂਦ ਵਾ.ਲੇ ਪਾਸੇ ਬੈਠ ਗਿਆ ।

" ਪੁੱਤ ਠੀਕ ਆਂ , ਹੁਣ ਤਾਂ ਪਹਿਲਾਂ ਨਾਲੋਂ ।" ਮਾਸੀ ਨੇ ਖੰਘਦੀ ਹੋਈ ਨੇ ਜਵਾਬ ਦਿੱਤਾ ।

ਜਦ ਨੂੰ ਚੰਨੀ ਚਾਹ ਬਣਾ ਕੇ ਲੈ ਆਈ ।

" ਨੀ ਤੇਰੀ ਕੱਪੜੇ ਸਿਉਣ ਵਾ.ਲੀ ਮਸ਼ੀਨ ਖ਼ਰਾਬ ਪਈ ਆ , ਅਪਦੇ ਭਰਾ ਨੂੰ ਕਹਿ ਨਵੀਂ ਲੈ ਕੇ ਦੇ ਦੇਵੇ ।" ਮਾਸੀ ਨੇ ਮਸਾਂ ਵਾਕ ਪੂਰਾ ਕੀਤਾ , ਉਸਦਾ ਸਾਹ ਉੱਪਰ -ਥੱਲੇ ਹੋ ਰਿਹਾ ਸੀ ।ਦੀਪੂ ਨੇ ਮਾਸੀ ਵੱਲ ਵੇਖ ਕੇ ਸੁੱਖ ਦਾ ਸਾਹ ਲਿਆ । ਉਹ ਐਵੇਂ ਆਪਣੀ ਭੈਣ ਤੇ ਸ਼ੱਕ ਕਰੀ ਜਾ ਰਿਹਾ ਸੀ । ਉਸਨੂੰ ਪੂਰਾ ਯਕੀਨ ਆ ਗਿਆ ਕਿ ਹੁਣ ਤੱਕ ਚੰਨੀ ਵੱਲੋਂ ਮੰਗੀਆਂ ਮੰਗਾਂ ਸਾਰੀਆਂ ਇਹ ਬੁੜੀ ਹੀ ਮੰਗਦੀ ਰਹੀ ਸੀ ।

ਦਸ ਕੁ ਦਿਨ ਬਾਅਦ ਮਾਸੀ ਦਾ ਘੋਗਾ ਚਿੱਤ ਹੋ ਗਿਆ । ਦੀਪੂ ਨੇ ਭੋਗ ਤੇ ਜਾਣ ਤੋਂ ਪਹਿਲਾਂ- ਪਹਿਲਾਂ ਕੱਪੜੇ ਸਿਉਣ ਵਾ.ਲੀ ਨਵੀਂ ਮਸ਼ੀਨ ਖ੍ਰੀਦ ਲਈ। ਭੋਗ ਤੇ ਜਾਣ ਲਈ ਪਿੰਡ ਵਿੱਚੋਂ ਟਰਾਲੀ - ਟ੍ਰੈਕਟਰ ਦਾ ਪ੍ਰਬੰਧ ਕਰ ਲਿਆ । ਪਿੰਡ ਦੇ ਬੰਦੇ -ਬੁੜੀਆਂ ਤਿਆਰ ਹੋ ਕੇ ਭੋਗ ਤੇ ਜਾਣ ਲਈ ਆ ਗਏ ।ਦੀਪੂ ਨੇ ਘਰ ਅੰਦਰੋਂ ਕੱਪੜੇ ਸਿਉਣ ਵਾ.ਲੀ ਮਸ਼ੀਨ ਚੁੱਕ ਲਿਆਂਦੀ ।

" ਇਹ ਦੀਪੂ ਤੂੰ ਮਸ਼ੀਨ ਕਿਉਂ ਰੱਖੀ ਜਾਨਾ ਟਰਾਲੀ ਵਿੱਚ? " ਇੱਕ ਸਿਆਣੀ ਬਜ਼ੁਰਗ ਔਰਤ ਨੇ ਦੀਪੂ ਨੂੰ ਪੁੱਛ ਹੀ ਲਿਆ ।" ਤਾਈ ਇਹ ਮਾਸੀ ਦੀ ਆਖ਼ਰੀ ਇੱਛਾ ਪੂਰੀ ਕੀਤੀ ਆ।" ਦੀਪੂ ਨੇ ਹੱਸਦਿਆਂ ਕਿਹਾ ।

" ਲੋਹੜਾ ਆ ਗਿਆ, ਉਹ ਕਲਜੋਗਣ ਮਰਦੀ - ਮਰਦੀ ਵੀ ਮੰਗਣੋਂ ਨਾ ਹਟੀ।" ਤਾਈ ਭਜਨੋ ਪਹਿਲਾਂ ਵਾ.ਲੀਆਂ ਗੱਲਾਂ ਵੀ ਸਭ ਜਾਣਦੀ ਸੀ ।

ਭੋਗ ਦੀਆਂ ਰਸਮਾਂ ਸਮੇਂ ਨਾ.ਲ ਪੂਰੀਆਂ ਹੋ ਗਈਆਂ।ਗਰਮੀ ਦੇ ਦਿਨ ਸਨ।ਸੂਰਜ ਅਜੇ ਵੀ ਸਿਰ ਤੇ ਖੜਾ ਸੀ।ਟਰਾਲੀ ਨਹਿਰ ਵਾ.ਲੀ ਪਟੜੀ ਤੇ ਪਿੰਡ ਵੱਲ ਨੂੰ ਆ ਰਹੀ ਸੀ। ਦੀਪੂ ਦੀ ਨਿਗ੍ਹਾ ਨਹਿਰ ਦੇ ਪੁ.ਲ ਕੋ.ਲ ਗੰਨੇ ਦੇ ਰਸ ਦੀ ਰੇਹੜੀ ਲਾਈ ਪਰਵਾਸੀ ਮਜ਼ਦੂਰ ਤੇ ਜਾ ਪਈ । ਉਹਨੇ ਟਰਾਲੀ ਰੁਕਵਾ ਲਈ । " ਰਸ ਪੀ ਕੇ ਚਲਦੇ ਆ ਪਿੰਡ ਨੂੰ , ਉਹਨਾਂ ਨੇ ਤਾਂ ਪਾਣੀ ਵੀ ਕੋਸਾ ਜਿਹਾ ਹੀ ਪਿ.ਲਾ ਕੇ ਤੋਰਤਾ , ਸਹੁਰੀ ਦਿਆਂ ਨੇ ਬਰਫ਼ ਵੀ ਨਹੀਂ ਮੰਗਾਈ।" ਦੀਪੂ ਨੇ ਟਰਾਲੀ ਵਿੱਚੋਂ ਥੱਲੇ ਉੱਤਰਦਿਆਂ ਕਿਹਾ।" ਲੈ ਬਈ ਛੋਟੂ ਸਣੇ ਡਰਾਈਵਰ ਅਸੀਂ ਪੈਂਤੀ ਜਾਣੇ ਆ , ਸਾਰਿਆਂ ਨੂੰ ਪਿ.ਲਾ ਦੇ ਗਿਲਾਸ -ਗਿਲਾਸ , ਫਟਾ - ਫਟ ਮੇਰਾ ਵੀਰ । ਪੈਸੇ ਮੈਂ ਦਿੰਨਾ ਕੱਠੇ ਹੀ । "

" ਨਾ ਭਾਈ ਤੂੰ ਕਿਉਂ ਦਿੰਨਾ ਪੈਸੇ ? ਅਸੀਂ ਦੇਵਾਂਗੇ ਆਪੋ - ਆਪਣੇ ।

"ਭਜਨੋ ਤਾਈ ਬੋਲੀ । ਉਹ ਦੀਪੂ ਦੇ ਘਰ ਦੇ ਹਾਲਾਤ ਤੋਂ ਚੰਗੀ ਤਰ੍ਹਾਂ ਜਾਣੂ ਸੀ।

" ਲੈ ਤਾਈ ਮੈਂ ਕਿਹੜਾ ਟ੍ਰੈਕਟਰਾਂ ਵਾ.ਲਾ ਨੰਗ ਜੱਟ ਆਂ , ਮੈਂ ਤਾਂ ਬ.ਲਦਾਂ ਵਾ.ਲਾ ਸਰਦਾਰ ਆਂ।"



ਦੀਪੂ ਹੱਸਦਾ ਹੋਇਆ ਸੱਜੇ ਹੱਥ ਨਾ.ਲ ਖੱਬੀ ਮੁੱਛ ਨੂੰ ਮਰੋੜਦਾ , ਪਰਵਾਸੀ ਮਜ਼ਦੂਰ ਨੂੰ ਪੈਸੇ ਫੜਾ ਰਿਹਾ ਸੀ ।

**ਹਰਦੀਪ ਗਰੇਵਾ.ਲ ( ਥਰੀਕੇ )**
778-712-2019

# ਨੇਕ ਚੰਦ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਕੈਲੰਡਰ ਰਿਲੀਜ਼



ਸਰੀ:-ਇੱਥੇ ਵਾਤਾਵਰਨ ਕਾਰਕੁਨਾਂ ਨੇ ਚੰਡੀਗੜ੍ਹ ਵਿਚ ਰੌਕ ਗਾਰਡਨ ਦੇ ਸਿਰਜਕ ਨੇਕ ਚੰਦ ਨੂੰ ਸਮਰਪਿਤ ਕੈਲੰਡਰ ਰਿਲੀਜ਼ ਕੀਤਾ। ਨੇਕ ਚੰਦ ਦਾ ਜਨਮ 15 ਦਸੰਬਰ 1924 ਨੂੰ ਹੋਇਆ ਸੀ ਅਤੇ ਉਨ੍ਹਾਂ ਰਹਿੰਦ-ਖੂੰਹਦ ਤੋਂ ਬੁੱਤ ਸਿਰਜ ਕੇ ਸੰਸਾਰ ਪ੍ਰਸਿੱਧ ਰੌਕ ਗਾਰਡਨ ਦੀ ਰਚਨਾ ਕੀਤੀ ਸੀ। ਇਹ ਕੈਲੰਡਰ ਬਦਲਵੀਂ ਸਿਆਸਤ ਬਾਰੇ ਲਗਾਤਾਰ ਟਿੱਪਣੀਆਂ ਕਰਨ ਵਾਲੇ ਆਨਲਾਈਨ ਮੈਗਜ਼ੀਨ 'ਰੈਡੀਕਲ ਦੇਸੀ' ਨੇ ਪੀਪਲ'ਜ਼ ਵੌਇਸ (ਅਖ਼ਬਾਰ), ਮਹਿਕ ਪੰਜਾਬ ਦੀ ਟੀਵੀ, ਚੈਨਲ ਪੰਜਾਬੀ, ਸਪਾਈਸ ਰੇਡੀਓ ਅਤੇ ਇਨਡਿਜੀਨਸ ਵਿਜ਼ਨ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਕੈਲੰਡਰ ਜਲਵਾਯੂ ਚੇਤਨਾ ਬਾਰੇ ਕਾਰਕੁਨ ਅੰਜਲੀ ਅੱਪਾਦੁਰਈ ਨੇ ਰਿਲੀਜ਼ ਕੀਤਾ। ਇਸ ਮੌਕੇ ਨਸਲਪ੍ਰਸਤੀ ਵਿਰੋਧੀ ਐਜੂਕੇਟਰ ਐਨੀ ਓਹਾਨਾ ਨੇ ਉਨ੍ਹਾਂ ਨੂੰ 'ਰੈਡੀਕਲ ਦੇਸੀ' ਵੱਲੋਂ 'ਐਨਵਾਇਰਨਮੈਂਟਲ ਜਸਟਿਸ ਹੀਰੋ ਐਵਾਰਡ' ਦਿੱਤਾ। ਇਸ ਦੌਰਾਨ ਅੰਜਲੀ ਅੱਪਾਦੁਰਈ ਨੇ ਆਪਣੇ ਸਿਆਸੀ ਸਫ਼ਰ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਸਮਾਗਮ ਦੀ ਸ਼ੁਰੂਆਤ ਮੌਕੇ ਕੈਨੇਡਾ ਵਿਚ ਅੱਗ ਦੀਆਂ ਘਟਨਾਵਾਂ ਦੌਰਾਨ ਮਾਰੇ ਗਏ ਫਾਇਰਫਾਈਟਰਾਂ ਅਤੇ ਇਜ਼ਰਾਇਲੀ ਹਮਲਿਆਂ ਵਿਚ ਮਾਰੇ ਗਏ ਫ਼ਲਸਤੀਨੀਆਂ ਦੀ ਯਾਦ ਵਿਚ ਮੌਨ ਧਾਰਿਆ ਗਿਆ।ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਵੇਸਟ ਮੈਨੇਜਮੈਂਟ ਨੂੰ ਸਮਰਪਿਤ ਗਰੁੱਪ 'ਹਮਸੂ' ਦੇ ਨੁਮਾਇੰਦੇ ਸ਼ਕੋਹ ਫਰਸ਼ੀਦਫਰ, ਵੈਸਟ ਕੋਸਟ ਕਲਾਈਮੇਟ ਐਕਸ਼ਨ ਨੈੱਟਵਰਕ ਦੀ ਤਾਰਾ ਸ਼ੁਸ਼ਤਾਰੀਆਂ, ਇਨਡਿਜੀਨਸ ਵਿਜ਼ਨ ਤੋਂ ਜੈਨੀਫਰ ਸ਼ੈਰਿਫ, ਈਕੋ ਸਿੱਖ ਤੋਂ ਰਵਨੀਤ ਸਿੰਘ, ਮਸ਼ਹੂਰ ਜੌਕੀ ਗੌਰਵ ਸ਼ਾਹ, ਪੱਤਰਕਾਰ ਗੁਰਵਿੰਦਰ ਸਿੰਘ ਧਾਲੀਵਾਲ ਅਤੇ 'ਰੈਡੀਕਲ ਦੇਸੀ' ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਸ਼ਾਮਲ ਸਨ।

**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

**ਹੋਰ ਜਾਣਕਾਰੀ ਲਈ ਫੋਨ ਕਰੋ**

**604-518-4698**

**THE GRAND TAJ**
**BANQUET HALL**
Khalsa Business Centre, 84th Ave. & 128th St., Surrey



**CATERING SERVICE & MUSIC ARRANGEMENT**
*Caterings ~ Weddings ~ Engagements ~ Birthdays ~ Conferences & much more*

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
**604-599-4342**
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਕੁਦਰਤ

ਮੁੱਢ ਕਦੀਮੀ ਜ਼ੋਰ ਲਗਾਵੇ
ਵੱਖਰੇ ਢੰਗ ਤਰੀਕੇ ਅਜ਼ਮਾਵੇ
ਕਾਬੂ ਮੇਰੇ ਤੇ ਪਾਉਣਾ ਚਾਹਵੇ
ਸਮੇਂ ਸਮੇਂ ਦਾ ਵਿਗਿਆਨ
ਦਿਲ ਕਰਦਾ ਅੱਜ ਖੋਲ ਸੁਣਾਵਾਂ
ਜੋ, ਮੇਰੇ ਦੁੱਖਾਂ ਤੋਂ ਅਣਜਾਣ
ਕੁਦਰਤ ਦਰਦ ਕਰੇ ਬਿਆਨ
ਮਨੁੱਖਤਾ ਤੂੰ ਫਰਜ਼ ਪਛਾਣ ॥
ਕੁਦਰਤ ਦਿੱਤੇ ਮੌਸਮ ਚਾਰ
ਪਤਝੜ, ਗਰਮੀ, ਸਰਦੀ, ਬਸੰਤ ਬਹਾਰ
ਇੱਕ ਰੁੱਖ ਸੌ ਸੁੱਖ ਦਾ ਹੋਕਾ ਲਾਵੇ
ਫੇਰ ਰੁੱਖਾਂ ਨੂੰ ਕਿਉਂ ਵੱਢਦਾ ਜਾਵੇ
ਗਰਮੀ ਵਧਣ ਦਾ ਮਿਹਣਾ ਸੁਣਾਵੇ
ਵੇਖ ਮੱਚਦੇ ਵਣ, ਕਿਉਂ ਤਰਸ ਨਾ ਆਵੇ
ਤੂੰ ਰੁੱਖ ਲਗਾ, ਜੰਗਲ ਵਧਾ
ਕਰ ਮਨੁੱਖਤਾ ਤੇ ਇਹਸਾਨ
ਕੁਦਰਤ ਦਰਦ ਕਰੇ ਬਿਆਨ
ਮਨੁੱਖਤਾ ਤੂੰ ਫਰਜ਼ ਪਛਾਣ ॥
ਡੂੰਘਾ ਬੋਰ ਤੇ ਲਾਉਣਾ ਝੋਨਾ ਤੇਰੀ ਮਜਬੂਰੀ
ਹਕੂਮਤ ਭਰੇ ਹਾਮੀ ਤੇਰੇ ਵੱਲ ਦੀ
ਗੱਲ ਕਰ ਸ਼ੁਰੂ, ਛੱਡ ਜਾਵੇ ਅਧੂਰੀ
ਜੇ ਸਰਕਾਰ ਹੱਥ ਪੱਲਾ ਫੜਾਵੇ
ਫੇਰ ਕਿਉਂ ਕਿਰਸਾਣ ਫਾਹਾ ਲਾਵੇ
ਧਰਤੀ ਹੇਠਲਾ ਪਾਣੀ ਮੁੱਕਦਾ ਜਾਵੇ
ਕੁਦਰਤ ਤੇ ਅੰਨਦਾਤਾ ਦੋਵੇਂ ਵਿੱਚ ਨੁਕਸਾਨ
ਕੁਦਰਤ ਦਰਦ ਕਰੇ ਬਿਆਨ
ਮਨੁੱਖਤਾ ਤੂੰ ਫਰਜ਼ ਪਛਾਣ ॥
ਨਾ ਦਿਸਣ ਹੁਣ ਚਿੜੀਆਂ ਤੇ ਗਟਾਰਾਂ
ਹਵਾ ਹੋਈ ਐਸੀ ਗੰਧਲੀ
ਲੱਗਣੋਂ ਹੱਟੀਆਂ ਪੰਛੀਆਂ ਦੀਆਂ ਡਾਰਾਂ
ਜੇ ਨਾਂ ਰਹੀ ਹਵਾ, ਤੂੰ ਵੀ ਨਾਂ ਰਹਿਣਾ
ਆਉਂਦੀ ਪੀੜੀ ਨੂੰ ਜਵਾਬ ਦੇਣਾ ਪੈਣਾ
ਚੰਦ ਸਿੱਕਿਆ ਖ਼ਾਤਰ ਨਾ ਧੂੰਆਂ ਉਡਾ
ਵਖਤ ਸਾਂਭ ਤੇ ਹਵਾ ਬਚਾ
ਸ਼ੁੱਧ ਹਵਾ ਜੱਗ ਲਈ ਵਰਦਾਨ
ਕੁਦਰਤ ਦਰਦ ਕਰੇ ਬਿਆਨ
ਮਨੁੱਖਤਾ ਤੂੰ ਫਰਜ਼ ਪਛਾਣ ॥
ਚੱਲ ਉੱਠ ਆਪਾਂ ਜ਼ੋਰ ਲਾਈਏ
ਘਟ ਰਹੇ ਪਾਣੀ ਨੂੰ ਸਾਂਭ
ਹਵਾ ਨੂੰ ਸ਼ੁਧ ਕਰ ਵਿਖਾਈਏ
ਗੁਰੂਆਂ ਪੀਰਾਂ ਦੀ ਇਹ ਧਰਤੀ
ਮੁੜ ਇਸਨੂੰ ਸਵਰਗ ਬਣਾਈਏ
ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ
ਗੁਰਬਾਣੀ ਦਾ ਫੁਰਮਾਨ
ਕੁਦਰਤ ਦਰਦ ਕਰੇ ਬਿਆਨ
ਮੱਤੇ ਵਾਲਿਆਂ ਤੂੰ ਫਰਜ਼ ਪਛਾਣ ॥

**ਨਵਜੋਤ ਸਿੰਘ ਮੱਤਾ(+17805662812)**

## ਕਲਮ

ਮੈਂ ਕਲਮ, ਹਾਂ ਆਜ਼ਾਦ
ਲਿਖਾ ਖੁੱਲ੍ਹ ਕੇ, ਹਾਂ ਆਬਾਦ
ਵਿੱਚ ਕੈਦ, ਹਾਂ ਬਰਬਾਦ
ਨਾ ਵੇਚ ਮੈਨੂੰ, ਮੇਰੇ ਸਿਰ ਦੇ ਸਾਈਂ
ਮੈਂ ਕਲਮ, ਕਰਾਂ ਫਰਿਆਦ
ਮੈਂ ਕਲਮ, ਹਾਂ ਆਜ਼ਾਦ
ਮੈਂ ਕੌਣ, ਕੀ ਹੋਂਦ, ਮੈਂ ਕਿੱਥੋਂ ਆਈ
ਮੈਂ ਕਲਮ, ਲਿਖਣਾ ਵਜੂਦ ਮੇਰਾ
ਮੈਂ ਓਹ, ਜਿਸ ਨੂੰ ਫੜ ਵਿੱਚ ਹੱਥ
ਮਹਾਂਪੁਰਖਾਂ ਰੱਬ ਦੀ ਉਸਤਤ ਲਿਖਵਾਈ
ਕਾਇਨਾਤ ਜਿਸ ਪੁਕਾਰੇ ਇਲਾਹੀ ਆਵਾਜ਼
ਮੈਂ ਕਲਮ, ਹਾਂ ਆਜ਼ਾਦ
ਤੂੰ ਲਿਖ ਐਸਾ, ਜੋ ਲੋਕ ਹਿਤ ਹੋਵੇ
ਲਿਖਤ ਤੇਰੀ, ਜੱਗ ਲਈ ਸੇਧ ਹੋਵੇ
ਮੰਨਿਆ ਝੂਠ ਮਿੱਠਾ
ਸੱਚ ਦੀ ਤਾਸੀਰ ਕੌੜੀ
ਸੱਚ ਜੁਗਾਂ ਤੱਕ ਅਟੱਲ
ਝੂਠ ਜੀਵੇ ਉਮਰ ਥੋੜੀ
ਲਿਖ ਐਸਾ, ਜੋ ਦੁਨੀਆ ਰੱਖੇ ਯਾਦ
ਮੈਂ ਕਲਮ, ਹਾਂ ਆਜ਼ਾਦ
ਤੂੰ ਲਿਖ ਟੱਪੇ ਘੋੜੀਆਂ
ਜੋ ਮਾਂ ਬੋਲੀ ਦੇ ਬਣੇ ਸ਼ਿੰਗਾਰ
ਤੂੰ ਲਿਖ, ਗ਼ਜ਼ਲਾ ਤੇ ਕਵਿਤਾਵਾਂ
ਜੋ ਦਰਸਾਵੇ ਸਾਡਾ ਸਭਿੱਆਚਾਰ
ਸਾਰਾ ਦੁਨੀਆ ਨੂੰ ਹੋਵੇ ਗਿਆਨ
ਕੀ ਹੈ ਮੇਰਾ ਸੋਹਣਾ ਪੰਜਾਬ
ਮੈਂ ਕਲਮ, ਹਾਂ ਆਜ਼ਾਦ
ਤੂੰ ਲਿਖੀ ਜਾ, ਨਾ ਘਬਰਾ, ਹੋ ਬੇਪਰਵਾਹ
ਸੱਚ ਦੇ ਮੁੱਢੋਂ, ਹੋਣ ਔਖੇ ਰਾਹ
ਸੱਚ ਅੱਜ ਜਕੜਿਆ ਵਿੱਚ ਜ਼ੰਜੀਰਾਂ
ਹੋਇਆ ਨਫ਼ਰ, ਨਾ ਚੱਲੇ ਕੋਈ ਵਾਹ
ਮੱਤੇ ਵਾਲਿਆ ਰੱਖ ਹੌਂਸਲਾ ਕਰ ਨਿਆਜ਼
ਮੈਂ ਹਾਂ ਕਲਮ ਆਜ਼ਾਦ।

**( ਨਵਜੋਤ ਸਿੰਘ ਮੱਤਾ)**

## ਗ਼ਜ਼ਲ

ਜਦ ਉਸ ਹੱਥੀਂ ਪੱਥਰ ਫੜਿਆ ਹੁੰਦਾ ਏ।
ਹਰ ਸ਼ੀਸ਼ੇ ਨੇ ਹੌਕਾ ਭਰਿਆ ਹੁੰਦਾ ਏ।
ਪਾਗਲ ਭੀੜ ਜਦੋਂ ਵੀ ਨਿਕਲੇ ਰਾਹਾਂ ‘ਤੇ
ਹਰ ਬੰਦਾ ਹੀ ਓਦੋਂ ਡਰਿਆ ਹੁੰਦਾ ਏ।
ਅੱਜ ਕੱਲ੍ਹ ਸੀਸ ਕਟਾਉਣਾ ਪੈਂਦਾ ਸੱਚੇ ਨੂੰ
ਝੂਠਾਂ ਅੱਗੇ ਜਿਹੜਾ ਅੜਿਆ ਹੁੰਦਾ ਏ।
ਮਰ ਜਾਵਣ ਦੀ ਗੱਲ ਜਦ ਕਰਦਾ ਰੋ ਰੋ ਕੇ
ਬੰਦਾ ਓਦੋਂ ਦਿਲ ਤੋਂ ਸੜਿਆ ਹੁੰਦਾ ਏ।
ਹੋਰ ਵਸਾਉਣਾ ਦਿਲ ਵਿੱਚ ਔਖਾ ਕੰਮ ਹੁੰਦਾ
ਜਦ ਪਹਿਲਾਂ ਹੀ ਕੋਈ ਵਸਿਆ ਹੁੰਦਾ ਏ।
ਜੱਗ ਤੋਂ ਲੰਘ ਜਾਂਦਾ ਹੈ ਉਹ ਬਿਨ ਡਿੱਗਿਆਂ ਹੀ
ਜਿਸਦਾ ਹੱਥ ਉਸ ਦਾਤੇ ਫੜਿਆ ਹੁੰਦਾ ਏ।
ਭੀੜ ਪਤਾ ਕਿਉਂ ਰਹਿੰਦੀ ਅੱਜਕਲ੍ਹ ਰਾਹਾਂ ਤੇ?
ਰਾਹ ਤੇ ਲੋਕਾਂ ਕਬਜ਼ਾ ਕਰਿਆ ਹੁੰਦਾ ਏ।
ਉਸਦਾ ਮੰਜਿਲ ਉੱਤੇ ਪੁੱਜਣਾ ਲਾਜ਼ਮ ਹੈ
ਜੋ ਮੰਜਿਲ ਨੂੰ ਮਿਥਕੇ ਤੁਰਿਆ ਹੁੰਦਾ ਏ।
ਬਿਨ ਠੋਕਰ ਦੇ ਟੁੱਟਦਾ ਨਹੀਓਂ ਪਾਪ ਘੜਾ
ਚਾਹੇ ਗਲ਼ ਤੱਕ ਪੂਰਾ ਭਰਿਆ ਹੁੰਦਾ ਏ।

**ਹਰਦੀਪ ਬਿਰਦੀ, 9041600900**


GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All


SINGH THIND & ASSOCIATES
#208, 7110 120 Street, Surrey, BC
“ਆਪਣੇ ਭਾਈਚਾਰੇ ਦਾ ਮਾਣ”
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS

# FRASERVIEW MEATS

FRASERVIEW MEATS

Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

**604-592-2900**

#102-12047-80th Ave. Surrey (Besides Mega Fruticana)

www.fraserviewmeats.com

# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ


12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**




# ਮਦਰ ਇੰਡੀਆ ਵੱਲੋਂ ਆਪ ਸਭ ਨੂੰ ਨਵਾਂ ਸਾਲ ਮੁਬਾਰਕ

# ਸ਼ਿਲਾਜੀਤ




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ ਪਾਉਣ ਲਈ ਮਦਰ ਇੰਡੀਆ ਦੀ ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother india
**Attar** (Profume)
Now Available




**Mother India**



ਨਰੇਸ਼ ਸ਼ੁਕਲਾ

Email:nareshcanada@hotmail.com
6647-Main Street (50th Ave.)
Vancouver BC V5X 3H3




## ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ

# TEL: 604-430-6072

# LIQUOR discounter

**Friday December 8th 2023 until Sunday January 7st 2024**

- $95.99 1.75L / $58.99 750ML – Johnnie Walker Black Label
- $69.99 – Grey Goose 1.14L
- $59.99 – St. Remy 1.75L
- $51.99 1.75L / $24.99 750ML – Crown Royal
- $55.99 1.75L / $24.99 750ML – Appleton
- $55.99 – Chivas 750ML
- $52.99 1.75L / $35.99 1.14L / $24.99 750ML – Kahlua
- $49.99 1.75L / $22.99 750ML – Smirnoff Vodka
- $48.79 1.75L / $21.99 750ML – Bacardi White
- $48.79 – Bacardi Gold 1.75L
- $47.79 1.75L / $25.99 750ML – Carolans
- $43.99 – Ciroc Blue, Red Berry, Summer Citrus, Apple, Pineapple 750ML
- $42.99 – El Tequileno Reposado 750ML
- $41.99 – Johnnie Walker Red Label 1.14L
- $41.99 – Bulleit Bourbon 750ML
- $38.99 – Tanqueray Gin 1.14L
- $21.99 – Bacardi Spiced 750ML
- $37.99 1.14L / $25.99 750ML – Captain Morgan Spiced
- $37.99 1.14L / $27.99 750ML – Baileys
- $35.99 1.14L / $23.99 750ML – Absolut Vodka
- $33.99 1.14L / $23.99 750ML – Wisers Deluxe
- $33.99 – Proper Twelve 750ML
- $33.99 – Jameson 750ML
- $32.99 – Jagermeister 750ML
- $31.99 – Gibsons Rare 750ML
- $31.99 – Titos Vodka 750ML
- $29.99 – Sierra Tequila Silver 750ML
- $29.99 – Ketel One 750ML
- $27.99 – Bombay Gin 750ML
- $26.99 – Ballantines 750ML
- $26.99 – Famous Grouse 750ML
- $23.49 – Canadian Club 100% Rye 750ML
- $21.99 – Fireball 750ML

**BELOW GOVERNMENT STORE PRICES!**

- $38.99 – Copper Moon Shiraz Malbec 4L
- $36.99 – Jackson Triggs Cab Sauv Pinot Grigio 4L
- $35.99 – Peller Estates Rose Chardonnay 4L
- $35.99 – Sawmill Creek Sauv Blanc Chardonnay Dry White 4L
- $32.99 – Mission Ridge Red White 4L
- $22.79 – Masi Campofiorin 750ML
- $21.49 – Meiomi Cab Sauv 750ML
- $18.99 – Ruffino Prosecco 750ML
- $18.99 – Josh Cab Sauv 750ML
- $16.99 – Oyster Bay Chardonnay Pinot Grigio Sauv Blanc 750ML
- $16.99 – 19 Crimes Cali Rose 750ML
- $15.99 – Jackson Triggs Cab Sauv Chardonnay 1.5L
- $16.49 – 1884 Malbec Cab Sauv 750ML
- $14.99 – 19 Crimes Chardonnay 750ML
- $14.99 – Roscato 750ML
- $13.89 – Apothic Red 750ML
- $13.79 – Yellowtail Bubbles Pink Bubbles 750ML
- $12.49 – Woodbridge Cab Sauv 750ML
- $11.99 – Open Smooth Red Smooth White 750ML
- $11.79 – Yellowtail Cab Sauv Chardonnay Shiraz 750ML
- $11.79 – Barefoot Pink Pinot Grigio Moscato 750ML
- $10.79 – Bask Pinot Grigio Cab Sauv 750ML
- $10.79 – Cono Sur Pinot Grigio Cab Sauv 750ML
- $9.49 – Copper Moon Shiraz Crisp & Bright 750ML
- $8.99 – Peller Estates Cab Sauv Pinot Grigio 750ML
- $7.49 – Black Cellar Malbec Merlot Shiraz Cab 750ML
- $13.99 – Gato Cab Sauv Sauv Blanc 1.5L
- $15.99 – Copper Moon Malbec Merlot 1.5L
- $30.99 – Bottega Rose Gold White Gold Gold 750ML
- $15.49 – Henkell 750ML

## SHOP&SAVE! Rewards Program

**See in-store for details**

- $47.99 – Corona 24 Bottles
- $38.99 – Budweiser 24 Cans
- $37.99 – Sleemans Original 24 Cans
- $35.99 – Old Style Pilsner 24 Cans
- $27.99 – Miller Genuine Draft 15 Cans
- $26.99 – Kronenbourg 1664 Blanc 12 Cans
- $25.99 – Stella Artois 12 Bottles or 12 Cans
- $26.99 – Molson Canadian 15 Cans
- $26.99 – Coors Light 15 Cans
- $25.99 – Okanagan Spring 1516 Lager 15 Cans
- $21.99 – Heineken 12 Bottles or 12 Cans
- $22.99 – Old Milwaukee 15 Cans
- $22.99 – Moosehead Lager 12 Bottles
- $21.79 – Steamworks Mashup 12 Cans
- $21.49 – Sleemans Honey Brown 12 Cans
- $21.29 – Red Truck 12 Can Mixer
- $18.79 – Parallel 49 Unparalleled 8 Pack
- $18.99 – Sneaky Weasel 15 Cans
- $15.99 – Cariboo Genuine Draft 12 Cans
- Nude – $25.99 12 Cans / $45.99 24 Cans
- $27.99 – Ole Tequila Mixer Pack
- $23.99 – Hey Y'all Lemonade 12 Cans
- $22.99 – Hey Y'all Original 12 Cans
- $18.99 – Somersby 8 Can Mixer
- $12.49 – Strongbow 4 Cans
- $12.99 – White Claw Black Cherry Lime 6 Cans
- $13.49 – Nutrl Grapefruit Lemon 6 Cans

# PRICE BEAT GUARANTEE!

8473 - 120 Street, Delta 604.592.2599 14357 - 104 Ave, Surrey 778.293.1964

LiquorDiscounter.ca follow us on facebook

Prices exclude tax and deposits and are subject to change without notice.




## Injured in an accident ?
## **ICBC** claim ?

We can help.

TRIAL
LAWYERS

MANDEEP RANDHAWA LAW CORPORATION

**INJURY LAWYERS**

#205 – 7134 King George Boulevard
Surrey, BC  V3W 5A3

T 604 449 7500 | F 604 449 7501
TF 1 888 449 7573 | www.randhawalaw.ca

ੴ

**HAPPY NEW YEAR**

ਨਵਾਂ ਸਾਲ ਆਪ ਸਭ ਲਈ
ਖੁਸ਼ੀਆਂ ਭਰਿਆ ਹੋਵੇ





ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ



LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3




ਇੰਡੋ-ਕੈਨੇਡਾ ਟਰੈਵਲ ਏਜੰਸੀ
INDO
CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)




.Ck Auto.
CK AUTO SERVICES LTD.
SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE
NEW
AUPLUS
Comforser
BRIDGESTONE
MICHELIN
40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
Clearance Sale
*Limited Quantity
On All Seasons & Winter Tires
(Auplus & Comforser)
215/70R16
COMFORSER
Reg: ~~$155.00~~
Now : $70.00
235/65R17
COMFORSER
Reg: ~~$220.00~~
Now : $95.00
SALE
Comforser
Size: 205/60/16
Reg Price: ~~$110~~
Sale Price : $55
245/65R17
COMFORSER
Reg: ~~$240.00~~
Now : $100.00
215/70R15
GOOD YEAR INTEGRITY
Reg: ~~$120.00~~
Now : $90.00
Auplus
Size: 205/60/16
Reg Price: ~~$125~~
Sale Price : $65
TARSHOTAM BIRAN
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
Cell: 778-322-1610, Tel: 604-592-2667 #106-13112-84th Ave.,Surrey